# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 244 Friday, December 20, 2019 Tel: 905-793-2202 | Fax: 905-793-2282 | news@punjabipost.ca


To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਗੁਰਦੁਆਰਾ ਪਹਿਲੀ ਪਾਤਸ਼ਾਹੀ ਭੈਲਗਰਾਮ, ਕਸੂਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਛਾਪੀ ਗਈ ਇਤਿਹਾਸਿਕ ਤਸਵੀਰ ਗੁਰਦੁਆਰਾ ਪਹਿਲੀ ਪਾਤਸ਼ਾਹੀ ਭੈਲਗਰਾਮ, ਕਸੂਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਨਵੀਂ ਨਾਫਟਾ ਡੀਲ ਹਾਊਸ ਆਫ ਰਿਪ੍ਰਜ਼ੈਂਟੇਟਿਵਸ ਵੱਲੋਂ ਪਾਸ

ਵਾਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਮਹਾਭਿਯੋਗ ਸਬੰਧੀ ਵੋਟ ਪਾਉਣ ਤੋਂ ਇੱਕ ਦਿਨ ਬਾਅਦ ਡੈਮੋਕ੍ਰੈਟਿਕਸ ਦੀ ਅਗਵਾਈ ਵਾਲੇ ਹਾਊਸ ਨੇ ਵੀਰਵਾਰ ਨੂੰ ਕੈਨੇਡਾ ਤੇ ਮੈਕਸਿਕੋ ਨਾਲ ਨਵੀਂ ਨਾਫਟਾ ਡੀਲ ਵੀ ਪਾਸ ਕਰ ਦਿੱਤੀ।



ਫਾਇਲ ਫੋਟੋ।

41 ਦੇ ਮੁਕਾਬਲੇ 385 ਵੋਟਾਂ ਨਾਲ ਹਾਊਸ ਨੇ ਯੂਨਾਈਟਿਡ ਸਟੇਟਸ-ਮੈਕਸਿਕੋ-ਕੈਨੇਡਾ ਅਗਰੀਮੈਂਟ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਅਗਲੇ ਸਾਲ ਹੋਣ ਜਾ ਰਹੀਆਂ ਚੋਣਾਂ ਤੋਂ ਪਹਿਲਾਂ ਬਿੱਲ ਪਾਸ ਕਰਵਾਉਣ ਲਈ ਕਾਹਲੇ ਪਏ ਪ੍ਰਸ਼ਾਸਨ ਵੱਲੋਂ ਹਾਊਸ ਸਪੀਕਰ ਨੈਂਸੀ ਪੈਲੋਸੀ ਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਜਿਹੜੀਆਂ ਤਬਦੀਲੀਆਂ ਤੇ ਛੋਟਾਂ ਦੀ ਇਸ ਬਿੱਲ ਵਿੱਚ ਮੰਗ ਕੀਤੀ ਗਈ ਉਨ੍ਹਾਂ ਨੂੰ ਪੂਰੀਆਂ ਕਰਵਾਉਣ ਤੋਂ ਬਾਅਦ ਹੀ ਇਹ ਬਿੱਲ ਪਾਸ ਹੋ ਸਕਿਆ।

ਇਸ ਡੀਲ ਦਾ ਅਰਥਚਾਰੇ ਉੱਤੇ ਮਾਮੂਲੀ ਅਸਰ ਪੈਣ ਦੀ ਹੀ ਸੰਭਾਵਨਾ ਹੈ। ਪਰ ਕਿਸਾਨਾਂ, ਰੈਂਚਰਜ਼ ਤੇ ਕਾਰੋਬਾਰੀਆਂ ਵੱਲੋਂ ਜਿਹੋ ਜਿਹੇ ਅਗਰੀਮੈਂਟ ਦੀ ਮੰਗ ਕੀਤੀ ਜਾ ਰਹੀ ਸੀ ਇਹ ਬਹੁਤ ਹੱਦ ਤੱਕ ਉਸ ਦੇ ਹਿਸਾਬ ਦਾ ਹੀ ਰਿਹਾ। ਜੀਓਪੀ ਦੇ ਨਿਯੰਤਰਣ ਵਾਲੀ ਸੈਨੇਟ ਇਸ ਬਿੱਲ ਉੱਤੇ ਅਗਲੀ ਕਾਰਵਾਈ ਛੁੱਟੀਆਂ ਤੋਂ ਪਰਤਣ ਅਤੇ ਇੰਪੀਚਮੈਂਟ ਵਰਗੇ ਮਸਲੇ ਨਾਲ ਸਿੱਝਣ ਤੋਂ ਬਾਅਦ ਹੀ ਕਰੇਗੀ। ਇੱਥੇ ਦੱਸਣਾ ਬਣਦਾ ਹੈ ਕਿ 2016 ਵਿੱਚ ਰਾਸ਼ਟਰਪਤੀ ਚੋਣਾਂ ਸਮੇਂ ਨਾਫਟਾ ਡੀਲ ਨੂੰ ਖਤਮ ਕਰਵਾਉਣ ਦੇ ਮੁੱਦੇ ਨੂੰ ਟਰੰਪ ਨੇ ਆਪਣੀ ਮੁੱਖ ਤਰਜੀਹ ਬਣਾਇਆ ਸੀ ਜਦੋਂ ਉਹ ਮਿਸ਼ੀਗਨ, ਓਹਾਇਓ, ਵਿਸਕੌਨਸਿਨ ਤੇ ਪੈਨਿਨਸਿਲਵੇਨੀਆ ਵਰਗੇ ਸਟੇਟਸ ਵਿੱਚ ਜਿੱਤਣ ਦੀ ਕੋਸ਼ਿਸ਼ ਕਰ ਰਹੇ ਸਨ।

ਦੂਜੇ ਪਾਸੇ ਹਾਊਸ ਮਾਇਨੌਰਿਟੀ ਲੀਡਰ ਕੈਵਿਨ ਮੈਕਾਰਥੀ ਨੇ ਆਖਿਆ ਕਿ ਆਲੋਚਕਾਂ ਦਾ ਕਹਿਣਾ ਸੀ ਕਿ ਅਜਿਹਾ ਨਹੀਂ ਹੋ ਸਕਦਾ ਪਰ ਉਨ੍ਹਾਂ ਅਜਿਹਾ ਕਰਕੇ ਵਿਖਾਇਆ। ਜਿਹੜਾ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕੀਤਾ।

# ਕਿਸੇ ਦਾ ਸ਼ਿਕਾਰ ਕਰਨ ਦੀ ਭਾਲ ਕਰ ਰਹੇ ਮਸ਼ਕੂਕ ਨੇ ਟੋਰਾਂਟੋ ਯੂਨੀਵਰਸਿਟੀ ਦੇ ਵਿਦਿਆਰਥੀ ਦੀ ਲਈ ਜਾਨ

ਟੋਰਾਂਟੋ, 19 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਯੂਨੀਵਰਸਿਟੀ ਦੇ ਇੱਕ 22 ਸਾਲਾ ਵਿਦਿਆਰਥੀ ਨੂੰ ਇੱਕ ਨਕਾਬਪੋਸ਼ ਵਿਅਕਤੀ ਨੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਉਸ ਵਿਦਿਆਰਥੀ ਨੂੰ ਦਸ ਗੋਲੀਆਂ ਮਾਰੀਆਂ ਗਈਆਂ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਆਪਣੇ ਰਾਹ





ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਮਾਰਨਾਂ ਚਾਹੁੰਦਾ ਸੀ ਇਸ ਲਈ ਹੀ ਉਸ ਨੇ ਇਸ ਵਿਦਿਆਰਥੀ ਦੀ ਜਾਨ ਲੈ ਲਈ। ਪੁਲਿਸ ਦਾ ਮੰਨਣਾ ਹੈ ਕਿ ਜੈਰੇਮੀ ਵਿੰਸੈਂਟ ਉਰਬੀਨਾ, ਮਸ਼ਕੂਕ ਨੂੰ ਜਾਣਦਾ ਨਹੀਂ ਸੀ, ਨੂੰ 11 ਦਸੰਬਰ ਨੂੰ ਰਾਤੀਂ 8:00 ਵਜੇ

...ਬਾਕੀ ਪੰਨਾ 6 'ਤੇ

# ਮਾਤਾ ਗੁਜਰੀ ਤੇ ਸਾਹਿਬਜਾਦਿਆਂ ਜੀ ਦੀ ਯਾਦ ਨੂੰ ਸਮਰਪਿਤ ਦਸਤਾਰ ਤੇ ਦੁਮਾਲਾ ਕੈਂਪ ਸ਼ੁਰੂ

ਚਾਰ ਸਾਹਿਬਜਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਸਤਾਰ ਤੇ ਦੁਮਾਲਾ ਕੈਂਪ 19 ਤੋਂ 31 ਦਸੰਬਰ ਤੱਕ ਸ਼ਾਮ 5:30 ਵਜੇ ਤੋਂ 6:30 ਵਜੇ ਤੱਕ Sikh Spititual Centre Totonto, 9 Carrier Dr, Etobicoke ON M9V 4B2 ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿਚ ਟਰਬਨ ਤੇ ਗੁਰਬਾਣੀ ਕੰਠ ਵਿਚ ਗੋਲਡ ਮੈਡਲਿਸਟ ਤੇ ਇੰਟਰਨੈਸ਼ਨਲ ਟਰਬਨ ਕੋਚ ਬਲਦੇਵ ਸਿੰਘ ਸਰਹਾਲੀ ਸ਼ਿਰਕਤ ਕਰਨਗੇ। ਜੋ ਕਿ 85 ਤਰੀਕਿਆਂ ਨਾਲ ਪੱਗ ਤੇ ਦੁਮਾਲਾ ਬੰਨ੍ਹਣ 'ਚ ਮਾਹਰ ਹਨ। ਕਲਾਸ ਕੈਂਪ ਤੋਂ ਬਾਅਦ ਵੀ ਹਰੇਕ ਐਤਵਾਰ ਦੁਪਹਿਰ 2 ਤੋਂ 3 ਵਜੇ ਤੱਕ ਜਾਰੀ ਰਹੇਗੀ। ਵਧੇਰੇ ਜਾਣਕਾਰੀ ਲਈ 416-746-6666 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਪੰਨਾ 14 'ਤੇ ਕੈਂਪ ਸੰਬੰਧੀ ਇਸ਼ਤਿਹਾਰ ਦੇਖੋ।


COMING SOON !!!
SPECIAL CHRISTMAS & NEW YEAR EDITION
FOR ADVERTISING
CALL: 905-793-2202

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical illness Ins, Travel & Visitor Ins, RESP & TFSA & RRSP
Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੇਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOUR PLAN TODAY......FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜ਼ਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished Legal Basement, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease - Business Purchase & Sale - Notarizations & Affidavits - Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards, Plazas & Industrial buildings, Banquet halls & restaurants, Gas stations & repair shops, Offices & Clinics
FREE
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਦੁਨੀਆਂ ਵਿੰਹਦੀ ਟਰੰਪ ਦਾ ਕੀ ਹੋਇਆ,
ਮਹਾਂਦੋਸ਼ ਵਿੱਚ ਅੜੀ ਪਈ ਜਾਨ ਮੀਆਂ।
ਹੇਠਲੇ ਹਾਊਸ ਨੇ ਪਾਸ ਇਹ ਮਤਾ ਕੀਤਾ,
ਟਿਕਿਆ ਸੈਨੇਟ ਦੇ ਵੰਨੀਂ ਧਿਆਨ ਮੀਆਂ।
ਭਾਰਤ ਵਿੱਚ ਨਾ ਕਿਸੇ ਨੂੰ ਯਾਦ ਇਹਦੀ,
ਮੱਚਿਆ ਜਿੱਥੇ ਆ ਹੋਰ ਘਮਸਾਨ ਮੀਆਂ।
ਫੈਲਦੀ ਅੱਗ ਪਈ ਜਾਂਦੀ ਹੈ ਦੇਸ਼ ਅੰਦਰ,
ਸਕੂਲ, ਦਫਤਰ ਹਰ ਬੰਦ ਦੁਕਾਨ ਮੀਆਂ।
ਫਿਰਕੂਪੁਣੇ ਵਿੱਚ ਫਾਥੀ ਪਈ ਰਾਜਨੀਤੀ,
ਕਲਜੁੱਗ ਏਸੇ ਨੂੰ ਜਾਂਦਾ ਹੈ ਕਿਹਾ ਮੀਆਂ।
ਹਿੰਦੂ-ਮੁਸਲਿਮ ਦੀ ਜਾਪਦੀ ਹੋਈ ਵੰਡੀ,
ਦਿੱਸਦਾ ਭਾਰਤੀ ਕੋਈ ਨਾ ਰਿਹਾ ਮੀਆਂ।

**ਤੀਸ ਮਾਰ ਖਾਂ**

# ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨ ਗੁਜਰਾਤ ਤੱਕ ਵੀ ਪਹੁੰਚ ਗਿਆ

*** ਮੰਗਲੂਰੂ ਵਿੱਚ ਪੁਲਸ ਗੋਲੀ, 2 ਜਣਿਆਂ ਦੀ ਮੌਤ, 20 ਜ਼ਖ਼ਮੀ * ਲਖਨਊ ਵਿੱਚ ਯੋਗੀ ਸਰਕਾਰ ਨੂੰ ਭੀੜ ਵੱਲੋਂ ਭਾਜੜਾਂ * ਚੰਡੀਗੜ੍ਹ ਵਿੱਚ ਵੀ ਵਿਰੋਧ ਕਰਨ ਵਾਲਿਆਂ ਨੇ ਝੰਡਾ ਚੁੱਕਿਆ**

ਨਵੀਂ ਦਿੱਲੀ, 19 ਦਸੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਪ੍ਰਦਰਸ਼ਨ ਦੀ ਅੱਗ ਅੱਜ ਵੀਰਵਾਰ ਕਰਨਾਟਕ ਤੋਂ ਅੱਗੇ ਵਧਦੀ ਗੁਜਰਾਤ ਤਕ ਚਲੀ ਗਈ ਹੈ। ਅੱਜ ਪ੍ਰਦਰਸ਼ਨਕਾਰੀਆਂ ਵੱਲੋਂ ਵਿਰੋਧ ਦੇ ਦੌਰਾਨ ਕਰਨਾਟਕ ਵਿੱਚ ਪੁਲਸ ਨਾਲ ਟਕਰਾਅ ਕਾਰਨ ਦੋ ਜਣਿਆਂ ਦੀ ਮੌਤ ਹੋ ਗਈ ਤੇ 20 ਜਣੇ ਜ਼ਖਮੀ ਹੋ ਗਏ ਅਤੇ ਅੱਜ ਹੀ ਇਸ ਵਿਰੋਧ ਕਾਰਨ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੇ ਯੋਗੀ ਆਦਿਤਿਆਨਾਥ ਦੀ ਸਰਕਾਰ ਨੂੰ ਵੀ ਭਾਜੜਾਂ ਪੈਣ ਵਾਲੀ ਸਥਿਤੀ ਬਣ ਗਈ।

ਕਰਨਾਟਕਾ ਦੇ ਮੰਗਲੁਰੂ ਤੋਂ ਆਈ ਖਬਰ ਮੁਤਾਬਕ ਓਥੇ ਪੁਲਸ ਨੇ ਪ੍ਰਦਰਸ਼ਨ ਕਰਦੇ ਲੋਕਾਂ ਉੱਤੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਗੋਲੀ ਚਲਾਈ, ਜਿਸ ਵਿੱਚ ਦੋ ਨਾਗਿਰਕਾਂ ਦੇ ਜ਼ਖਮੀ ਹੋਣ ਮਗਰੋਂ ਇਲਾਜ ਦੌਰਾਨ ਆਈ ਯੂ ਸੀ ਵਾਰਡ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਇਸ ਮੌਕੇ 20 ਜਣੇ ਹੋਰ ਜ਼ਖਮੀ ਹੋ ਗਏ। ਮੰਗਲੁਰੂ ਵਿੱਚ ਭੀੜ ਨੂੰ ਭਜਾਉਣ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ, ਲਾਠੀਚਾਰਜ ਕੀਤਾ ਅਤੇ ਹਵਾ ਵਿੱਚ ਗੋਲੀਆਂ ਵੀ ਚਲਾਈਆਂ। ਇਤਿਹਾਸਕਾਰ ਰਾਮਚੰਦਰ ਗੁਹਾ ਸਮੇਤ ਇਸ ਰਾਜ ਵਿੱਚ ਪ੍ਰਦਰਸ਼ਨ ਕਰਦੇ ਕਈ ਲੋਕਾਂ ਨੂੰ ਪੁਲਸ ਨੇ ਹਿਰਾਸਤ ਵਿੱਚ ਲਿਆ, ਪਰ ਬਾਅਦ ਵਿੱਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਭੀੜ ਨੇ ਵੀ ਪੁਲਸ ਉੱਤੇ ਪੱਥਰਾਅ ਕੀਤਾ ਅਤੇ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ ਸੀ।

ਵਿਰੋਧ ਦੀ ਇਹ ਲਹਿਰ ਅੱਜ ਚੰਡੀਗੜ੍ਹ ਵੀ ਪਹੁੰਚ ਗਈ ਅਤੇ ਸੈਕਟਰ 20 ਦੀ ਜਾਮਾ ਮਸਜਿਦ ਵਿਖੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੇ ਵੱਡੇ ਇਕੱਠ ਵਿੱਚ ਹੋਰ ਭਾਈਚਾਰਿਆਂ ਦੇ ਲੋਕ ਵੀ ਸ਼ਾਮਲ ਹੋਏ। ਇਸ ਇਕੱਠ ਮਗਰੋਂ ਨਵੇਂ ਸੋਧ ਕਾਨੂੰਨ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੌਰਾਨ ਲੋਕਾਂ ਨੇ ਮੰਗ ਕੀਤੀ ਕਿ ਸਰਕਾਰ ਮੁਸਲਿਮ ਭਾਈਚਾਰੇ ਨੂੰ ਵੀ ਇਸ ਕਾਨੂੰਨ ਦੇ ਘੇਰੇ ਵਿਚ ਲਵੇ ਜਾਂ ਇਸ ਨੂੰ ਰੱਦ ਕਰ ਦੇਵੇ।




ਓਧਰ ਗੁਜਰਾਤ ਵਿੱਚ ਨਵੇਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੱਜ ਅਹਿਮਦਾਬਾਦ ਵਿੱਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਵੱਲੋਂ ਕੀਤੇ ਬੰਦ ਦੇ ਐਲਾਨ ਪਿੱਛੋਂ ਵੱਡੀ ਗਿਣਤੀ ਵਿੱਚ ਲੋਕ ਤਿਰੰਗੇ ਝੰਡੇ ਲੈ ਕੇ ਸੜਕਾਂ ਉੱਤੇ ਆਏ ਤੇ ਪੁਲਿਸ ਨਾਲ ਲੋਕਾਂ ਦੀਆਂ ਝੜਪਾਂ ਹੋਈਆਂ। ਇਸ ਮੌਕੇ ਪੁਲਿਸ ਨੇ ਭੀੜ ਨੂੰ ਭਜਾਉਣ ਲਈ ਲਾਠੀਚਾਰਜ ਕੀਤਾ ਤਾਂ ਅੱਠ ਪੁਲਿਸ ਵਾਲਿਆਂ ਸਣੇ 20 ਤੋਂ ਵੱਧ ਲੋਕ ਜ਼ਖਮੀ ਹੋ ਗਏ। ਅਹਿਮਦਾਬਾਦ ਦੇ ਸ਼ਾਹ ਆਲਮ, ਸਰਦਾਰ ਬਾਗ਼, ਲਾਲ ਦਰਵਾਜ਼ਾ ਅਤੇ ਮਿਰਜ਼ਾਪੁਰ ਖੇਤਰ ਵਿੱਚ ਨਵੇਂ ਸੋਧ ਕਾਨੂੰਨ ਵਿਰੁੱਧ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਹੱਥਾਂ ਵਿੱਚ ਤਿਰੰਗਾ ਝੰਡਾ ਲੈ ਕੇ ਸੜਕਾਂ ਉੱਤੇ ਆਏ ਤਾਂ ਜਾਮ ਲੱਗ ਗਿਆ। ਪ੍ਰਦਰਸ਼ਨ ਕਰਦੇ ਲੋਕਾਂ ਨੇ ਸਿਟੀ ਬੱਸ ਉੱਤੇ ਪਥਰਾਅ ਕੀਤਾ ਅਤੇ ਕਈ ਗੱਡੀਆਂ ਦੀ ਭੰਨਤੋੜ ਕਰ ਦਿੱਤੀ। ਪੁਲਿਸ ਨੇ ਲਾਠੀਚਾਰਜ ਸ਼ੁਰੂ ਕੀਤਾ ਤਾਂ ਭਾਜੜ ਪੈ ਗਈ। ਸ਼ਾਹ ਆਲਮ ਇਲਾਕੇ ਵਿੱਚ ਲੋਕਾਂ ਵੱਲੋਂ ਪੁਲਿਸ ਜੀਪ ਉੱਤੇ ਪਥਰਾਅ ਕਾਰਨ 8 ਪੁਲਿਸ ਵਾਲੇ ਜ਼ਖਮੀ ਹੋ ਗਏ। ਅਹਿਮਦਾਬਾਦ ਕਰਾਈਮ ਬ੍ਰਾਂਚ ਦੇ ਇਕ ਅਫਸਰ ਦੇ ਮੁਤਾਬਕ ਲਾਲ ਦਰਵਾਜ਼ਾ, ਸਰਦਾਰ ਬਾਗ਼, ਰਖਿਆਲ, ਸ਼ਾਹ ਆਲਮ, ਜਮਾਲਪੁਰ, ਖਾੜਿਆ ਖੇਤਰ ਵਿੱਚ ਪ੍ਰਦਰਸ਼ਨ ਕਰਦੇ ਲੋਕ ਹਿੰਸਾ ਕਰਨ ਲੱਗ ਪਏ ਸਨ।

ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਵੀ ਨਾਗਰਿਕਤਾ ਕਾਨੂੰਨ ਖਿਲਾਫ ਰੋਸ ਪ੍ਰਦਰਸ਼ਨ ਹਿੰਸਕ ਹੋ ਗਿਆ ਹੈ। ਭੀੜ ਨੇ ਖਦਰਾ ਤੇ ਸਤਖੰਡਾ ਪੁਲਸ ਚੌਕੀ ਨੂੰ ਅੱਗ ਲਾ ਦਿੱਤੀ। ਪੁਲਸ ਨੇ ਭੀੜ ਭਜਾਉਣ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਨੇ ਪੁਲਸ ਉੱਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਇਸ ਪਿੱਛੋਂ ਪੁਲਸ ਨੇ ਲਾਠੀਚਾਰਜ ਕੀਤਾ, ਜਿਸ ਵਿੱਚ ਕਈ ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ। ਪੁਲਸ ਨੇ ਕਈ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉੱਤਰ ਪ੍ਰਦੇਸ਼ ਵਿੱਚ ਅੱਜ ਦੀ ਹਿੰਸਾ ਦੌਰਾਨ ਪਰਿਵਰਤਨ ਚੌਕ ਕੋਲ 10 ਕਾਰਾਂ, 3 ਬੱਸਾਂ, 4 ਮੀਡੀਆ ਓ ਬੀ ਵੈਨ ਅਤੇ 20 ਮੋਟਰ ਸਾਈਕਲਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ। ਸੁਰੱਖਿਆ ਕਾਰਨ ਰਾਜਧਾਨੀ ਲਖਨਊ ਦੇ ਸਾਰੇ ਮੈਟਰੋ ਸਟੇਸ਼ਨਾਂ ਨੂੰ ਬੰਦ ਰੱਖਿਆ ਗਿਆ। ਰੋਸ ਕਰਦੇ ਲੋਕਾਂ ਨੂੰ ਭਜਾਉਣ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਹਨ।

## ਟਰੰਪ ਵਿਰੁੱਧ ਮਹਾਂਦੋਸ਼: ਵ੍ਹਾਈਟ ਹਾਊਸ ਨੇ ਮਤਾ ਪਾਸ ਹੋਣ ਮਗਰੋਂ ਸਭ ਤੋਂ 'ਸ਼ਰਮਨਾਕ' ਦਿਨ ਕਿਹਾ

ਵਾਸ਼ਿੰਗਟਨ, 19 ਦਸੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਦੇ ਹੈੱਡ ਕੁਆਰਟਰ ਵ੍ਹਾਈਟ ਹਾਊਸ ਨੇ ਆਪਣੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਦੋਸ਼ ਉੱਤੇ ਸਖਤ ਪ੍ਰਤੀਕਰਮ ਦਿੱਤਾ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਉਸ ਨੂੰ ਇਸ ਦਾ ਪੂਰਾ ਭਰੋਸਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਪ੍ਰਤੀਨਿਧ ਸਭਾ ਵੱਲੋਂ ਲਾਏ ਸੱਤਾ ਦੀ ਗਲਤ ਵਰਤੋਂ ਦੇ ਦੋਸ਼ ਬਾਰੇ ਟ੍ਰਾਇਲ ਤੋਂ ਬਾਅਦ ਅਮਰੀਕੀ ਸੈਨੇਟ ਉਨ੍ਹਾਂ ਨੂੰ ਬਰੀ ਕਰ ਦੇਵੇਗੀ। ਵ੍ਹਾਈਟ ਹਾਊਸ ਦੇ ਮੁਤਾਬਕ ਬੁੱਧਵਾਰ ਦਾ ਦਿਨ ਅਮਰੀਕੀ ਸਿਆਸਤ ਦੇ ਇਤਿਹਾਸ ਵਿੱਚ ਇਕ 'ਸ਼ਰਮਨਕ' ਦਿਨ ਬਣ ਗਿਆ ਹੈ।

ਵਰਨਣ ਯੋਗ ਹੈ ਕਿ 18 ਦਸੰਬਰ ਨੂੰ ਡੋਨਾਲਡ ਟਰੰਪ ਤੀਸਰੇ ਅਜਿਹੇ ਅਮਰੀਕੀ ਰਾਸ਼ਟਰਪਤੀ ਬਣ ਗਏ, ਜਿਨ੍ਹਾਂ ਨੂੰ ਮਹਾਦੋਸ਼ ਦਾ ਸਾਹਮਣਾ ਕਰਨਾ ਪਿਆ ਹੈ। ਵ੍ਹਾਈਟ ਹਾਊਸ ਦੀ ਬੁਲਾਰਾ ਸਟੇਫਨੀ ਗ੍ਰੇਸ਼ਮ ਨੇ ਕਿਹਾ ਕਿ ਇਹ ਸਾਡੇ ਦੇਸ਼ ਦੀ ਸਿਆਸਤ ਦੇ ਇਤਿਹਾਸ ਵਿੱਚ ਸਭ ਤੋਂ ਵੱਧ 'ਸ਼ਰਮਨਾਕ ਦਿਨ' ਹੈ। ਇਕ ਵੀ ਰਿਪ-ਬਲਿਕਨ ਵੋਟ ਦੇ ਬਿਨਾਂ ਤੇ ਗਲਤ ਕੰਮਾਂ ਦੇ ਸਬੂਤ ਦਿੱਤੇ ਬਿਨਾਂ ਡੈਮੋਕ੍ਰੇਟ ਮੈਂਬਰਾਂ ਨੇ ਪ੍ਰਤੀਨਿਧੀ ਸਭਾ ਦੇ ਰਾਹੀਂ ਰਾਸ਼ਟਰਪਤੀ ਦੇ ਖਿਲਾਫ ਮਹਾਦੋਸ਼ ਦਾ ਮਤਾ ਪਾਸ ਕਰ ਦਿੱਤਾ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਸੈਨੇਟ ਉਸ ਪ੍ਰਕਿਰਿਆ ਦਾ ਪਾਲਣ ਕਰੇਗੀ, ਜਿਸ ਨੂੰ ਪ੍ਰਤੀਨਿਧੀ ਸਭਾ ਵਿੱਚ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਸੀ ਅਤੇ ਉਹ ਅਗਲੇ ਕਦਮ ਲਈ ਪੂਰੀ ਤਰ੍ਹਾਂ ਤਿਆਰ ਹਨ। ਇਸ ਤੋਂ ਪਹਿਲਾਂ ਅਮਰੀਕੀ ਪ੍ਰਤੀਨਿਧੀ ਸਭਾ ਨੇ ਮਹਾਦੋਸ਼ ਉੱਤੇ ਵੋਟਿੰਗ ਕੀਤੀ ਅਤੇ ਟਰੰਪ ਨੂੰ ਅਧਿਕਾਰਕ ਤੌਰ ਉੱਤੇ ਸੰਵਿਧਾਨ ਹੇਠ ਮਿਲੀ ਹੋਈ ਸੱਤਾ ਦੀ ਗਲਤ ਵਰਤੋਂ ਦਾ ਦੋਸ਼ੀ ਪਾਇਆ ਹੈ।

ਇਤਹਾਸ ਵਿੱਚ ਭਾਵੇਂ ਡੋਨਾਲਡ ਟਰੰਪ ਮਹਾਂਦੋਸ਼ ਦਾ ਸਾਹਮਣਾ ਕਰਨ ਵਾਲੇ ਤੀਸਰੇ ਰਾਸ਼ਟਰਪਤੀ ਬਣ ਗਏ ਹਨ, ਇਹ ਗੱਲ ਦਿਲਚਸਪ ਹੈ ਕਿ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨੂੰ ਮਹਾਦੋਸ਼ ਦੇ ਕਾਰਨ ਕਦੇ ਕੁਰਸੀ ਨਹੀਂ ਛੱਡਣੀ ਪਈ। ਡੋਨਾਲਡ ਟਰੰਪ ਨੂੰ ਉੱਚ ਦਰਜੇ ਦੇ ਦੋਸ਼ ਅਤੇ ਮਾੜੇ ਵਿਹਾਰ ਦਾ ਦੋਸ਼ੀ ਦੱਸਿਆ ਗਿਆ ਹੈ। ਇਸ ਤੋਂ ਪਹਿਲਾਂ ਸਾਲ 1868 ਵਿੱਚ ਐਂਡਰਿਊ ਜਾਨਸਨ ਪਹਿਲੇ ਅਮਰੀਕੀ ਰਾਸ਼ਟਰਪਤੀ ਬਣੇ ਸਨ, ਜਿਨ੍ਹਾਂ ਉੱਤੇ ਮਹਾਦੋਸ਼ ਚਲਾਇਆ ਗਿਆ ਸੀ। ਸਾਲ 1998 ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਬਿਲ ਕਲਿੰਟਨ ਨੂੰ ਵ੍ਹਾਈਟ ਹਾਊਸ ਦੀ ਇੰਟਰਨ ਮੋਨਿਕਾ ਲੇਵਿੰਸਕੀ ਨਾਲ ਸੰਬੰਧਾਂ ਕਾਰਨ ਮਹਾਦੋਸ਼ ਦਾ ਸਾਹਮਣਾ ਕਰਨਾ ਪਿਆ ਸੀ, ਪਰ ਸਾਲ 1999 ਵਿੱਚ ਸੈਨੇਟ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ।

## ਸੀਤਾ ਰਾਮ ਯੇਚੁਰੀ, ਯੋਗੇਂਦਰ ਯਾਦਵ, ਰਾਮ ਚੰਦਰ ਗੁਹਾ ਸਣੇ ਕਈ ਪ੍ਰਮੁੱਖ ਹਸਤੀਆਂ ਗ੍ਰਿਫਤਾਰ

ਨਵੀਂ ਦਿੱਲੀ, 19 ਦਸੰਬਰ, (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਅੱਜ ਸਾਰੇ ਖੱਬੀ ਪੱਖੀ ਤੇ ਮੁਸਲਿਮ ਸੰਗਠਨਾਂ ਨੇ ਭਾਰਤ ਬੰਦ ਦਾ ਸੱਦਾ ਦਿੱਤਾ ਸੀ, ਜਿਸ ਦੇ ਅਸਰ ਹੇਠ ਦਿੱਲੀ, ਉੱਤਰ ਪ੍ਰਦੇਸ਼, ਬਿਹਾਰ ਅਤੇ ਕਰਨਾਟਕਾ ਦੇ ਮੈਂਗਲੁਰੂ ਵਿਚ ਵੱਧ ਅਸਰ ਪਿਆ। ਖੱਬੇ ਪੱਖੀਆਂ ਦੇ ਭਾਰਤ ਬੰਦ ਨੂੰ ਵਿਰੋਧੀ ਪਾਰਟੀਆਂ ਨੇ ਸਮੱਰਥਨ ਦਿੱਤਾ ਸੀ। ਦਿੱਲੀ ਵਿਚ ਪ੍ਰਦਰਸ਼ਨ ਕਰਦੇ ਯੋਗੇਂਦਰ ਯਾਦਵ ਨੂੰ ਲਾਲ ਕਿਲ੍ਹੇ ਨੇੜੇ ਹਿਰਾਸਤ ਵਿਚ ਲੈ ਲਿਆ ਗਿਆ ਹੈ।




ਇਸ ਦੌਰਾਨ ਯੋਗੇਂਦਰ ਯਾਦਵ ਨੇ ਦੱਸਿਆ ਕਿ ਪੁਲਿਸ ਨੇ ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਦਿੱਲੀ ਪੁਲਿਸ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੇ ਸਾਬਕਾ ਆਗੂ ਕਨ੍ਹਈਆ ਕੁਮਾਰ ਨੂੰ ਵੀ ਹਿਰਾਸਤ ਵਿਚ ਲਿਆ ਹੈ। ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਅੱਜ ਮੰਡੀ ਹਾਊਸ ਦੇ ਕੋਲ ਇਸ ਕਾਨੂੰਨ ਅਤੇ ਐਨ ਆਰ ਸੀ ਦਾ ਵਿਰੋਧ ਕਰ ਰਹੇ ਸਨ ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਦੂਜੇ ਪਾਸੇ ਬੈਂਗਲੁਰੂ ਵਿਚ ਪ੍ਰਦਰਸ਼ਨ ਕਰਦੇ ਪ੍ਰਮੁੱਖ ਇਤਿਹਾ-ਸਕਾਰ ਰਾਮਚੰਦਰ ਗੁਹਾ ਨੂੰ ਕਰਨ-ਾਟਕਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਦਿੱਲੀ ਤੋਂ ਸਾਬਕਾ ਪਾਰਲੀਮੈਂਟ ਮੈਂਬਰ ਅਤੇ ਕਾਂਗਰਸ ਨੇਤਾ ਸੰਦੀਪ ਦੀਕਸ਼ਤ ਅਤੇ ਉਨ੍ਹਾਂ ਦੀ ਪਤਨੀ ਮੋਨਾ ਸਮੇਤ ਕਈ ਕਾਂਗਰਸੀ ਲੀਡਰਾਂ ਨੂੰ ਵੀ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ।

## ਬਜ਼ੁਰਗਾਂ ਦੀ ਸੁਰੱਖਿਆ ਲਈ ਨਵੀਂ ਕੋਸ਼ਿਸ਼, ਪੁਲਸ ਖੁਦ ਨੌਕਰਾਂ ਦੀ ਵੈਰੀਫਿਕੇਸ਼ਨ ਕਰੇਗੀ

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਬੱਚਿਆਂ ਦੇ ਵਿਦੇਸ਼ ਜਾਣ ਜਾਂ ਅਲੱਗ ਹੋਣ ਕਾਰਨ ਇਕੱਲੇ ਰਹਿ ਰਹੇ ਬਜ਼ੁਰਗਾਂ ਦੀ ਸੁਰੱਖਿਆ ਦਾ ਜ਼ਿੰਮਾ ਪੰਜਾਬ ਪੁਲਸ ਚੁੱਕੇਗੀ। ਪੁਲਸ ਨਾ ਕੇਵਲ ਰੋਜ਼ਾਨਾ ਉਨ੍ਹਾਂ ਦਾ ਹਾਲਚਾਲ ਪੁੱਛੇਗੀ ਬਲਕਿ ਉਨ੍ਹਾਂ ਦੇ ਲਈ ਥਾਣੇ ਵਿੱਚ ਵਿਸ਼ੇਸ਼ ਸੁਵਿਧਾ ਵੀ ਦੇਵੇਗੀ। ਇਸ ਦੇ ਲਈ ਵੱਖਰਾ ਕਮਿਊਨਿਟੀ ਪੁਲਸ ਵਿੰਗ ਬਣੇਗਾ, ਜੋ ਬਜ਼ੁਰਗਾਂ ਨਾਲ ਤਾਲਮੇਲ ਰੱਖਣਗੇ। ਇਹੀ ਨਹੀਂ, ਬਜ਼ੁਰਗਾਂ ਦੇ ਇਥੇ ਕੰਮ ਕਰਨ ਵਾਲੇ ਨੌਕਰਾਂ ਦੇ ਬਾਰੇ ਵਿੱਚ ਵੀ ਪੁਲਸ ਖੁਦ ਜਾ ਕੇ ਜਾਣਕਾਰੀ ਇਕੱਠੀ ਕਰੇਗੀ ਅਤੇ ਖਤਰੇ ਨੂੰ ਅਗੇਤੇ ਸੁੰਘਣ ਦਾ ਯਤਨ ਕਰੇਗੀ।

ਪੰਜਾਬ ਪੁਲਸ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਨੇ ਇਸ ਬਾਰੇ ਪੱਤਰ ਲਿਖ ਕੇ ਪ੍ਰਬੰਧ ਕਰਨ ਨੂੰ ਕਿਹਾ ਹੈ। ਇਸ ਲਈ ਉਨ੍ਹਾਂ ਨੂੰ ਸਮਾਜਕ ਸੁਰੱਖਿਆ ਵਿਭਾਗ ਤੋਂ ਸੀਨੀਅਰ ਸਿਟੀਜਨ ਗਾਈਡਲਾਈਨ ਦੀ ਜਾਣਕਾਰੀ ਲੈਣ ਨੂੰ ਕਿਹਾ ਗਿਆ ਹੈ ਤਾਂ ਕਿ ਬਜ਼ੁਰਗਾਂ ਨੂੰ ਪ੍ਰੇਸ਼ਾਨੀ ਨਾ ਹੋਵੇ। ਡੀ ਸੀ ਪੀ (ਹੈਡਕੁਆਰਟਰ) ਅਰੁਣ ਸੈਣੀ ਨੇ ਪੱਤਰ ਮਿਲਣ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਹ ਪ੍ਰਬੰਧ ਕਰਨ ਦੇ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਵਿੱਚ ਸੀਨੀਅਰ ਸਿਟੀਜਨਾਂ ਦੇ ਲਈ ਅਲੱਗ ਤੋਂ ਕਿਸੇ ਅਧਿਕਾਰੀ ਨੂੰ ਜ਼ਿੰਮੇਵਾਰੀ ਸੌਂਪੀ ਜਾਏਗੀ ਤਾਂ ਕਿ ਜ਼ਰੂਰਤ ਦੇ ਸਮੇਂ ਉਹ ਤੁਰੰਤ ਉਨ੍ਹਾਂ ਦੀ ਮਦਦ ਦੇ ਲਈ ਹਾਜ਼ਰ ਹੋ ਸਕਣ। ਪੁਲਸ ਥਾਣੇ ਆਪਣੇ ਇਲਾਕੇ ਵਿੱਚ ਰਹਿਣ ਵਾਲੇ ਸੀਨੀਅਰ ਸਿਟੀਜਨਾਂ ਦੀ ਸੂਚੀ ਬਣਾਵੇਗੀ। ਫਿਰ ਉਨ੍ਹਾਂ ਦੇ ਘਰ ਜਾ ਕੇ ਹਾਲਚਾਲ ਪੁੱਛੇਗੀ। ਉਨ੍ਹਾਂ ਦਾ ਵੇਰਵਾ ਲੈਣ ਪਿੱਛੋਂ ਜਿਹੜੇ ਪੁਲਸ ਅਧਿਕਾਰੀ ਜਾਂ ਕਰਮਚਾਰੀ ਕੋਲ ਉਹ ਇਲਾਕਾ ਹੈ, ਉਹ ਰੋਜ਼ਾਨਾ ਉਨ੍ਹਾਂ ਦੇ ਆਸਪਾਸ ਖਾਸ ਨਿਗਰਾਨੀ ਰੱਖਣਗੇ। ਜ਼ਰੂਰਤ ਪਈ ਤਾਂ ਉਨ੍ਹਾਂ ਨੂੰ ਮਿਲ ਕੇ ਵੀ ਆਉਣਗੇ। ਸਾਰੇ ਥਾਣੇ ਆਪਣੇ ਏਰੀਏ ਵਿੱਚ ਜਾਂਚ ਕਰਨਗੇ ਕਿ ਕਿਸ-ਕਿਸ ਸੀਨੀਅਰ ਸਿਟੀਜਨ ਨੇ ਘਰ ਵਿੱਚ ਨੌਕਰ ਰੱਖੇ ਹਨ।

ਬਿਊਰੋ ਆਫ ਇਨਵੈਸਟੀਗੇਸ਼ਨ ਦੇ ਮੁਤਾਬਕ ਪੰਜਾਬ ਵਿੱਚ ਅਜਿਹੇ ਕਈ ਬਜ਼ੁਰਗ ਹਨ, ਜਿਨ੍ਹਾਂ ਦੇ ਬੱਚੇ ਬਾਹਰ ਹਨ ਜਾਂ ਉਨ੍ਹਾਂ ਤੋਂ ਵੱਖ ਹੋ ਗਏ ਹਨ। ਉਮਰ ਦੇ ਇਸ ਪੜਾਅ ਵਿੱਚ ਉਨ੍ਹਾਂ ਦੀ ਸੁਰੱਖਿਆ ਸਭ ਤੋਂ ਵੱਡਾ ਮੁੱਦਾ ਹੈ। ਉਚਿਤ ਦੇਖ ਦੇਖ ਵਿੱਚ ਕਈ ਵਾਰ ਬਜ਼ੁਰਗ ਬਿਮਾਰ ਹੁੰਦਾ ਹੈ ਤਾਂ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ ਤੇ ਇਸ ਦਾ ਪਤਾ ਤਦ ਲੱਗਦਾ ਹੈ, ਜਦ ਘਰ 'ਚੋਂ ਕਈ ਦਿਨ ਬਾਅਦ ਬਦਬੂ ਆਉਂਦੀ ਹੈ। ਇਸ ਲਈ ਜੇ ਪੁਲਸ ਰੋਜ਼ਾਨਾ ਉਥੇ ਆਉਂਦੀ-ਜਾਂਦੀ ਰਹੇ ਤਾਂ ਉਨ੍ਹਾਂ ਦੇ ਬਾਰੇ ਜਾਣਕਾਰੀ ਮਿਲਦੀ ਰਹੇਗੀ। ਦੂਸਰਾ ਸਭ ਤੋਂ ਵੱਡਾ ਕਾਰਨ ਨੌਕਰਾਂ ਵੱਲੋਂ ਕੀਤਾ ਜਾਂਦਾ ਅਪਰਾਧ ਹੈ। ਇਸ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਨਾਲ ਲੁੱਟ, ਚੋਰੀ ਤੇ ਹੱਤਿਆ ਤੱਕ ਦੇ ਕੇਸ ਹੋ ਚੁੱਕੇ ਹਨ।

## ਮੁਲਸਮਾਨ ਪਤੀ ਨੇ ਤਲਾਕ ਲੈਣਾ ਹੋਵੇ ਤਾਂ ਉਹ ਕਿੱਥੇ ਜਾਵੇ?

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਤਿੰਨ ਤਲਾਕ ਬਿੱਲ ਪਾਸ ਕਰ ਕੇ ਤਿੰਨ ਵਾਰ ਤਲਾਕ ਕਹਿਣ ਦੀ ਵਿਵਸਥਾ ਖ਼ਤਮ ਕੀਤੇ ਜਾਣ ਪਿੱਛੋਂ ਇੱਕ ਔਰਤ ਨੇ ਵੱਡਾ ਸੁਆਲ ਖੜ੍ਹਾ ਕਰ ਦਿੱਤਾ ਹੈ। ਸਵਿਤਾ ਸਿਸੋਦੀਆਂ ਨਾਂਅ ਦਾ ਔਰਤ ਨੇ ਕੇਂਦਰ ਸਰਕਾਰ ਵਿਰੁੱਧ ਲੋਕਹਿਤ ਪਟੀਸ਼ਨ ਦਾਖ਼ਲ ਕਰਕੇ ਹਾਈ ਕੋਰਟ ਤੋਂ ਮੰਗ ਕੀਤੀ ਹੈ ਕਿ ਤਿੰਨ ਤਲਾਕ ਕਾਨੂੰਨ ਵਿੱਚ ਸੋਧ ਕੀਤੀ ਜਾਵੇ, ਕਿਉਂਕਿ ਤਿੰਨ ਤਲਾਕ ਬਿੱਲ ਦੇ ਨਾਲ ਮੁਸਲਮਾਨ ਆਦਮੀ ਵੱਲੋਂ ਪਤਨੀ ਤੋਂ ਤਲਾਕ ਲੈਣ ਦਾ ਹੱਕ ਖ਼ਤਮ ਕਰ ਦਿੱਤਾ ਗਿਆ ਹੈ ਪਰ ਤਲਾਕ ਲੈਣ ਦੀ ਵਿਵਸਥਾ ਕਿਤੇ ਨਹੀਂ ਰੱਖੀ ਗਈ। ਇਸ ਮਹਿਲਾ ਨੇ ਸੁਆਲ ਖੜ੍ਹਾ ਕੀਤਾ ਕਿ ਜੇ ਕਿਸੇ ਮੁਸਲਮਾਨ ਵਿਅਕਤੀ ਨੇ ਪਤਨੀ ਤੋਂ ਤਲਾਕ ਲੈਣਾ ਹੋਵੇ ਤਾਂ ਉਹ ਤਲਾਕ ਕਿਵੇਂ ਲਵੇ। ਉਨ੍ਹਾਂ ਕਿਹਾ ਕਿ ਨਵੇਂ ਐਕਟ 'ਚ ਸੋਧ ਕਰਕੇ ਮੁਸਲਮਾਨ ਵਿਅਕਤੀਆਂ ਲਈ ਤਲਾਕ ਲੈਣ ਦੀ ਵਿਵਸਥਾ ਸਾਫ ਕੀਤੀ ਜਾਣੀ ਚਾਹੀਦੀ ਹੈ। ਚੀਫ ਜਸਟਿਸ ਆਰ ਐਸ ਝਾਅ ਤੇ ਜਸਟਿਸ ਰਾਜੀਵ ਸ਼ਰਮਾ ਦੀ ਡਵੀਜ਼ਨ ਬੈਂਚ ਨੇ ਸੁਆਲ ਕੀਤਾ ਕਿ ਐਕਟ ਵਿੱਚ ਸੋਧ ਕਰਨਾ ਹਾਈ ਕੋਰਟ ਦੇ ਅਧਿਕਾਰ ਖੇਤਰ ਵਿੱਚ ਨਹੀਂ ਤੇ ਇਹ ਸੋਧ ਕੇਂਦਰ ਸਰਕਾਰ ਹੀ ਕਰ ਸਕਦੀ ਹੈ। ਇਸ 'ਤੇ ਪਟੀਸ਼ਨ ਨੇ ਕਿਹਾ ਕਿ ਉਹ ਇਸ ਕੇਸ ਵਿੱਚ ਹੋਰ ਤਿਆਰੀ ਨਾਲ ਬਹਿਸ ਕਰਨਾ ਚਾਹੁੰਦੀ ਹੈ, ਜਿਸ 'ਤੇ ਬੈਂਚ ਨੇ ਸੁਣਵਾਈ ਅੱਗੇ ਪਾ ਦਿੱਤੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ShergGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਪਾਕਿਸਤਾਨੀ ਜੱਜ ਨੇ ਜਨਰਲ ਮੁਸ਼ੱਰਫ ਵਿਰੁੱਧ ਫੈਸਲਾ ਲਿਖਦਿਆਂ ਕੌੜ ਦੀ ਸਿਖਰ ਕਰ ਦਿੱਤੀ

## * ਮੁਸ਼ੱਰਫ ਨੂੰ ਖੁੱਲ੍ਹੇਆਮ ਫਾਂਸੀ ’ਤੇ ਤਿੰਨ ਦਿਨ ਚੌਕ ਵਿਚ ਲਟਕਾਉਣ ਦਾ ਹੁਕਮ



ਇਸਲਾਮਾਬਾਦ, 19 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਨੂੰ ਦੇਸ਼ ਧਰੋਹ ਦੇ ਕੇਸ ਵਿਚ ਮੌਤ ਦੀ ਸਜ਼ਾ ਸੁਣਾਉਣ ਵਾਲੇ ਤਿੰਨ ਮੈਂਬਰੀ ਬੈਂਚ ਦੇ ਜੱਜਾਂ ਨੇ ਵੀਰਵਾਰ ਨੂੰ ਵਿਸਥਾਰਤ ਫੈਸਲਾ ਜਾਰੀ ਕੀਤਾ ਹੈ, ਜਿਸ ਮੁਤਾਬਕ ਬੈਂਚ ਦੇ ਜਸਟਿਸ ਸ਼ਾਹਿਦ ਕਰੀਮ ਨੇ ਮੁਸ਼ੱਰਫ ਦੇ ਖਿਲਾਫ ਵੱਧ ਸਖਤ ਫੈਸਲਾ ਦਿੱਤਾ ਹੈ। ਉਨ੍ਹਾਂ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਮੁਸ਼ੱਰਫ ਨੂੰ ਡੀ ਚੌਕ ਉੱਤੇ ਖੁੱਲ੍ਹੇਆਮ ਫਾਂਸੀ ਦੇਣੀ ਚਾਹੀਦੀ ਹੈ ਤੇ ਇਹੀ ਨਹੀਂ, ਜਨਰਲ ਮੁਸ਼ੱਰਫ ਦੀ ਲਾਸ਼ ਨੂੰ ਤਿੰਨ ਦਿਨਾਂ ਤੱਕ ਫਾਂਸੀ ਉੱਤੇ ਟੰਗਿਆ ਰਹਿਣਾ ਚਾਹੀਦਾ ਹੈ। ਜਸਟਿਸ ਸ਼ਾਹਿਦ ਕਰੀਮ ਨੇ ਜਨਰਲ ਮੁਸ਼ੱਰਫ ਦੀ ਮੌਤ ਦੀ ਸਜ਼ਾ ਨੂੰ ਹੋਰ ਵੀ ਸਖਤ ਕੀਤੇ ਜਾਣ ਉੱਤੇ ਜ਼ੋਰ ਦਿੱਤਾ ਸੀ।

ਆਪਣੇ ਦੇਸ਼ ਦੀ ਫੌਜ ਦੇ ਸਾਬਕਾ ਮੁਖੀ ਤੇ ਸਾਬਕਾ ਫੌਜੀ ਰਾਸ਼ਟਰਪਤੀ ਜਨਰਲ ਮੁਸ਼ੱਰਫ ਨੂੰ ਸਜ਼ਾ ਸੁਣਾਉਣ ਵਾਲੇ ਇਸ ਬੈਂਚ ਦੀ ਪ੍ਰਧਾਨਗੀ ਪੇਸ਼ਾਵਰ ਹਾਈ ਕੋਰਟ ਦੇ ਚੀਫ ਜਸਟਿਸ ਵਕਾਰ ਅਹਿਮਦ ਸੇਠ ਨੇ ਕੀਤੀ ਸੀ, ਜਿਸ ਵਿਚ ਸਿੰਧ ਹਾਈ ਕੋਰਟ ਦੇ ਜਸਟਿਸ ਸ਼ਾਹਿਦ ਕਰੀਮ ਤੇ ਜਸਟਿਸ ਨਾਜ਼ ਅਕਬਰ ਵੀ ਸ਼ਾਮਲ ਸਨ। ਇਹ ਫੈਸਲਾ ਜੱਜਾਂ ਦੀ 2-1 ਦੀ ਸਹਿਮਤੀ ਨਾਲ ਸੁਣਾਇਆ ਗਿਆ। ਜਸਟਿਸ ਅਕਬਰ ਏਨੀ ਸਜ਼ਾ ਦੇ ਖਿਲਾਫ ਸਨ, ਪਰ ਜਸਟਿਸ ਸੇਠ ਤੇ ਕਰੀਮ ਸਜ਼ਾ ਦੇ ਪੱਖ ਵਿਚ ਸਨ। ਜਸਟਿਸ ਕਰੀਮ ਨੇ ਜਨਰਲ ਮੁਸ਼ੱਰਫ ਦੇ ਖਿਲਾਫ ਸਖਤ ਸਜ਼ਾ ਲਈ ਕਿਹਾ ਸੀ। ਕੁੱਲ 167 ਸਫਿਆਂ ਦੇ ਫੈਸਲੇ ਵਿਚ ਜਸਟਿਸ ਸੇਠ ਨੇ ਲਿਖਿਆ ਹੈ ਕਿ ਸਬੂਤਾਂ ਤੋਂ ਸਾਫ ਹੁੰਦਾ ਹੈ ਕਿ ਮੁਸ਼ੱਰਫ ਨੇ ਜੁਰਮ ਕੀਤਾ ਹੈ। ਜਸਟਿਸ ਕਰੀਮ ਨੇ ਕਿਹਾ ਕਿ ਦੋਸ਼ੀ ਵਜੋਂ ਉਸ ਦਾ ਵਤੀਰਾ ਬਹੁਤ ਨਿੰਦਣ ਯੋਗ ਰਿਹਾ। ਦੇਸ਼ ਧਰੋਹ ਦਾ ਕੇਸ ਸ਼ੁਰੂ ਹੁੰਦੇ ਸਾਰ ਉਹ ਇਸ ਵਿਚ ਅੜਿੱਕਾ ਪੈਦਾ ਕਰਨ ਲੱਗ ਪਏ ਅਤੇ ਉਨ੍ਹਾਂ ਨੇ ਮੁਕ-ੱਦਮਾ ਲੇਟ ਕੀਤਾ ਤੇ ਸਬੂਤ ਖਤਮ ਕਰਨ ਦਾ ਯਤਨ ਕੀਤਾ। ਜਸਟਿਸ ਕਰੀਮ ਨੇ ਕਿਹਾ ਕਿ ਜੇ ਇਹ ਮੰਨ ਲਿਆ ਜਾਵੇ ਕਿ ਉਹ ਇਸ ਮੁਹਿੰਮ ਦਾ ਹਿੱਸਾ ਨਹੀਂ ਸਨ, ਤਾਂ ਵੀ ਸੰਵਿਧਾਨ ਦੀ ਰਾਖੀ ਕਰਨ ਵਿਚ ਉਹ ਅਸਫਲ ਰਹੇ ਹਨ। ਇਸ ਜੱਜ ਨੇ ਕਿਹਾ ਕਿ ਜਨਰਲ ਮੁਸ਼ੱਰਫ ਦੀ ਮੌਤ ਵੀ ਹੋ ਜਾਵੇ ਤਾਂ ਉਸ ਦੀ ਲਾਸ਼ ਨੂੰ ਤਿੰਨ ਦਿਨ ਚੌਕ ਵਿੱਚ ਲਟਕਿਆ ਰਹਿਣ ਦਿੱਤਾ ਜਾਵੇ।

ਏਡੀ ਸਖਤ ਸਜ਼ਾ ਐਲਾਨ ਕੀਤੇ ਜਾਣ ਪਿੱਛੋਂ ਸਾਬਕਾ ਜਨਰਲ ਪਰਵੇਜ਼ ਮੁਸ਼ੱਰਫ ਨੇ ਇਸ ਫੈਸਲੇ ਨੂੰ ਨਿੱਜੀ ਬਦਲਾ ਆਖਿਆ ਹੈ। ਇਸ ਵੇਲੇ ਦੁਬਈ ਵਿਚ ਸ਼ਰਣ ਲਈ ਬੈਠੇ ਜਨਰਲ ਮੁਸ਼ੱਰਫ ਦੀ ਪਾਰਟੀ ਆਲ ਪਾਕਿਸਤਾਨ ਮੁਸਲਿਮ ਲੀਗ ਦੇ ਰਾਹੀਂ ਇਕ ਵੀਡੀਓ ਸੰਦੇਸ਼ ਜਾਰੀ ਕਰ ਕੇ ਮੁਸ਼ੱਰਫ ਨੇ ਕਿਹਾ ਕਿ ਇਸ ਤਰ੍ਹਾਂ ਦੇ ਫੈਸਲੇ ਦੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ, ਜਿਸ ਵਿਚ ਨਾ ਦੋਸ਼ੀ ਅਤੇ ਨਾ ਉਸ ਦੇ ਵਕੀਲ ਨੂੰ ਆਪਣੇ ਬਚਾਅ ਵਿਚ ਕੁਝ ਕਹਿਣ ਦੀ ਆਗਿਆ ਦਿੱਤੀ ਗਈ ਹੈ। ਕਿਸੇ ਦਾ ਨਾਂ ਲਏ ਬਗੈਰ ਜਨਰਲ ਮੁਸ਼ੱਰਫ ਨੇ ਆਖਿਆ ਕਿ ਜਿਹੜੇ ਲੋਕਾਂ ਨੇ ਮੇਰੇ ਖਿਲਾਫ ਕੰਮ ਕੀਤਾ ਹੈ, ਉਹ ਉੱਚ ਅਹੁਦਿਆਂ ਉੱਤੇ ਬੈਠੇ ਹਨ ਤੇ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰ ਰਹੇ ਹਨ।

# ਆਈ ਟੀ ਸੀ ਦਾ ਰਾਜ ਦੇ ਉਦਯੋਗਿਕ ਵਿਕਾਸ ਵਿਚ ਵੱਡਾ ਯੋਗਦਾਨ : ਕੈਪਟਨ

## ਸੋਨੀ ਅਤੇ ਸਰਕਾਰੀਆ ਵੱਲੋਂ ਅੰਮ੍ਰਿਤਸਰ ਵਿਚ ਹੋਟਲ ‘ਵੈਲਕਮ’ ਦਾ ਉਦਘਾਟਨ

ਅੰਮ੍ਰਿਤਸਰ, 19 ਦਸੰਬਰ (ਗਿਆਨ ਸਿੰਘ): ਸ੍ਰੀ ਗੁਰੂ ਰਾਮ ਦਾਸ ਅੰਤਰਾਸ਼ਟਰੀ ਹਵਾਈ ਅੱਡੇ ਨੇੜੇ ਰਾਜਾਸਾਂਸੀ ਵਿਚ ਆਈ. ਟੀ. ਸੀ. ਵੱਲੋਂ ਖੋਲ੍ਹੇ ਗਏ ਵਿਰਾਸਤੀ ਹੋਟਲ ‘ਵੈਲਕਮ’ ਦੀ ਵੀਡੀਓ ਕਾਨਫਰੰਸ ਜ਼ਰੀਏ ਮੁਬਾਰਕਬਾਦ ਦਿੰਦੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਈ ਟੀ ਸੀ ਦਾ ਪੰਜਾਬ ਦੇ ਉਦਯੋਗਿਕ ਵਿਕਾਸ ਵਿਚ ਵੱਡਾ ਯੋਗਦਾਨ ਹੈ ਅਤੇ ਹੁਣ ਇਹ ਹੋਟਲ ਕੇਵਲ ਅੰਮ੍ਰਿਤਸਰ ਦੇ ਹੀ ਨਹੀਂ, ਬਲਕਿ ਰਾਜ ਦੇ ਸੈਰ ਸਪਾਟਾ ਕਾਰੋਬਾਰ ਨੂੰ ਵੱਡਾ ਬੱਲ ਦੇਵੇਗਾ। ਉਨਾਂ ਆਈ. ਟੀ. ਸੀ. ਗਰੁੱਪ ਵੱਲੋਂ ਕੀਤੀ ਇਸ ਪਹਿਲਕਦਮੀ ਲਈ ਧੰਨਵਾਦ ਕਰਦੇ ਕਿਹਾ ਕਿ ਪਹਿਲਾਂ ਹੀ ਇੰਨਾਂ ਵੱਲੋਂ ਪੰਜਾਬ ਦੇ ਸਨਅਤੀ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਪਹਿਲਾਂ ਆਈ ਟੀ ਸੀ ਕਪੂਰਥਲਾ ਵਿਚ ਫੂਡ ਪ੍ਰੋਸੈਸਿੰਗ ਖੇਤਰ ਵਿਚ ਸਲਾਹੁਣਯੋਗ ਕੰਮ ਕਰ ਰਹੀ ਹੈ ਅਤੇ ਅੰਮ੍ਰਿਤਸਰ ਵਿਚ ਹੋਟਲ ਤੋਂ ਬਾਅਦ ਹੁਸ਼ਿਆਰਪੁਰ ਵਿਚ ਵੱਡਾ ਨਿਵੇਸ਼ ਕਰ ਰਹੇ ਹਨ, ਇਸ ਤਰਾਂ ਇਹ ਗਰੁੱਪ ਸਮੁੱਚੇ ਪੰਜਾਬ ਦੇ ਵਿਕਾਸ ਵਿਚ ਯੋਗਦਾਨ ਪਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਆਈ ਟੀ ਸੀ ਨੂੰ ਉਦਯੋਗਿਕ ਵਿਕਾਸ ਲਈ ਹਰ ਤਰਾਂ ਦੇ ਸਹਿਯੋਗ ਦਾ ਐਲਾਨ ਕਰਦੇ ਮੁੱਖ ਮੰਤਰੀ ਨੇ ਕਿਹਾ ਕਿ ਤੁਹ-ਾਡੇ ਵੱਲੋਂ ਰਾਜ ਵਿਚ ਕੀਤਾ ਜਾ ਰਿਹਾ ਨਿਵੇਸ਼ ਅਤੇ ਸਾਡਾ ਸਾਥ ਵਿਕਾਸ ਦੇ ਨਵੇਂ ਦਿਸਹਿੱਦੇ ਕਾਇਮ ਕਰੇਗਾ। ਉਨਾਂ ਆਈ ਟੀ ਸੀ ਦੇ ਚੇਅਰਮੈਨ ਤੇ ਪ੍ਰਬੰਧਕੀ ਨਿਰਦੇਸ਼ਕ ਸੰਜੀਵ ਪੁਰੀ ਅਤੇ ਉਨਾਂ ਦੀ ਸਾਰੀ ਟੀਮ ਵੱਲੋਂ ਪੰਜਾਬ ਦੇ ਖੇਤੀ, ਉਦਯੋਗਿਕ ਅਤੇ ਸੈਰ ਸਪਾਟਾ ਖੇਤਰ ਵਿਚ ਕੀਤੇ ਜਾ ਰਹੇ ਕੰਮਾਂ ਲਈ ਸ਼ੁਭ ਇਛਾਵਾਂ ਦਿੱਤੀਆਂ।

ਹੋਟਲ ਦਾ ਰਸਮੀ ਉਦਘਾਟਨ ਸ਼ਹਿਰੀ ਵਿਕਾਸ ਮੰਤਰੀ ਸ. ਸੁਖਬਿੰਦਰ ਸਿੰਘ ਸਰਕਾਰੀਆ ਅਤੇ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਓ ਪੀ ਸੋਨੀ ਨੇ ਕੀਤਾ। ਦੱਸਣਯੋਗ ਹੈ ਕਿ ਰਾਜਾਸਾਂਸੀ ਦੀ ਸੰਧਾਵਾਲੀਆ ਹਵੇਲੀ, ਜੋ ਕਿ 1900 ਦੇ ਕਰੀਬ ਬਣੀ ਸੀ, ਦੇ ਅੱਠ ਏਕੜ ਰਕਬੇ ਵਿਚ ਵਿਰਾਸਤੀ ਦਿੱਖ ਨੂੰ ਕਾਇਮ ਰੱਖਦੇ ਹੋਏ ਗਰੁੱਪ ਵੱਲੋਂ 101 ਕਮਰਿਆਂ ਦਾ ਹੋਟਲ ਬਣਾਇਆ ਗਿਆ ਹੈ। ਕਰੀਬ ਇਕ ਸਦੀ ਪੁਰਾਣੀ ਦਿੱਖ ਵਿਚ ਆਹਲਾ ਦਰਜੇ ਦੀਆਂ ਸੁੱਖ ਸਹੂਲਤਾਂ ਤੇ ਬਹੁਤ ਹੀ ਮਿਆਰੀ ਲੈਂਡ ਸਕੇਪਿੰਗ ਕੀਤੀ ਗਈ ਹੈ।

ਇਸ ਮੌਕੇ ਸੰਬੋਧਨ ਕਰਦੇ ਆਈ ਟੀ ਸੀ ਦੇ ਪ੍ਰਬੰਧਕੀ ਨਿਰਦੇਸ਼ਕ ਸ੍ਰੀ ਸੰਜੀਪ ਪੁਰੀ ਨੇ ਕੰਪਨੀ ਵੱਲੋਂ ਪੰਜਾਬ ਦੇ ਖੇਤੀ, ਉਦਯੋਗਿਕ ਅਤੇ ਸੈਰ ਸਪਾਟੇ ਦੇ ਖੇਤਰ ਵਿਚ ਕੀਤੇ ਜਾ ਰਹੇ ਕੰਮਾਂ ਦਾ ਸੰਖੇਪ ਵੇਰਵਾ ਦਿੰਦੇ ਕਿਹਾ ਕਿ ਆਈ ਟੀ ਸੀ ਪੰਜਾਬ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਰਹੇਗੀ ਅਤੇ ਸਾਡਾ ਟੀਚਾ ਕੇਵਲ ਕੰਪਨੀ ਦਾ ਲਾਭ ਵੇਖਣਾ ਨਹੀਂ, ਬਲਕਿ ਸਾਡੇ ਨਾਲ ਜੁੜਨ ਵਾਲੇ ਸਾਰੇ ਕਿਸਾਨਾਂ ਤੇ ਹੋਰ ਲੋਕਾਂ ਦੀ ਤਰੱਕੀ ਕਰਨਾ ਵੀ ਹੈ। ਉਨਾਂ ਪੰਜਾਬ ਵਿਚ ਚੱਲ ਰਹੇ ਵੱਖ-ਵੱਖ ਪ੍ਰਾਜੈਕਟਾਂ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਮਿਲੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ। ਆਈ ਟੀ ਸੀ ਦੇ ਕਾਰਜਕਾਰੀ ਨਿਰਦੇਸ਼ਕ ਸਰੀ ਨੁਕਲ ਅਨੰਦ ਨੇ ਮੁੱਖ ਮੰਤਰੀ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕਰਦੇ ਕਿਹਾ ਕਿ ਇਹ ਵਿਰਾਸਤੀ ਹੋਟਲ ਕੇਵਲ ਰਾਸ਼ਟਰੀ ਯਾਤਰੀ ਹੀ ਨਹੀਂ ਖਿੱਚੇਗਾ, ਬਲਕਿ ਅੰਤਰਰਾਸ਼ਟਰੀ ਸੈਲਾਨੀਆਂ ਨੂੰ ਵੀ ਅੰਮ੍ਰਿਤਸਰ ਦੀ ਪਵਿਤਰ ਧਰਤੀ ਦੇ ਦਰਸ਼ਨ ਦੀਦਾਰੇ ਕਰਨ ਅਤੇ ਪੰਜਾਬ ਦੀ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਨ ਲਈ ਆਕਰਸ਼ਿਤ ਕਰੇਗਾ।

ਇਸ ਮੌਕੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਵਿਧਾਇਕ ਤਰਸੇਮ ਸਿੰਘ ਡੀ. ਸੀ, ਵਿਧਾਇਕ ਸੁਨੀਤ ਦੱਤੀ, ਮੁੱਖ ਮੰਤਰੀ ਦੇ ਸਲਾਹਕਾਰਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਵਿਧਾਇਕ ਸੁਖਪਾਲ ਸਿੰਘ ਭੁਲਰ, ਓ ਐਸ ਡੀ ਸੰਦੀਪ ਸਿੰਘ ਬਾਵਾ ਸੰਧੂ, ਸਾਬਕਾ ਵਿਧਾਇਕ ਜੁਗਲ ਕਿਸ਼ੋਰ, ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਦਿਨੇਸ਼ ਬੱਸੀ, ਗੁਰਪਾਲ ਸਿੰਘ, ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ, ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ, ਆਈ ਜੀ ਐਸ ਪੀ ਐਸ ਪਰਮਾਰ, ਐਸ ਐਸ ਪੀ ਵਿਕਰਮਜੀਤ ਸਿੰਘ ਦੁੱਗਲ, ਭਗਵੰਤਪਾਲ ਸਿੰਘ ਸੱਚਰ ਤੇ ਹੋਰ ਸਖਸੀਅਤਾਂ ਹਾਜ਼ਰ ਸਨ।

## ਖਜ਼ਾਨਾ ਖਾਲੀ ਹੁੰਦਿਆਂ ਵੀ ਪੰਜਾਬ ਦੇ ਵਿਧਾਇਕਾਂ ਲਈ ਲਗਜ਼ਰੀ ਕਾਰਾਂ ਆਉਣਗੀਆਂ

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਬਿਨਾਂ ਸ਼ੱਕ ਪੰਜਾਬ ਦਾ ਖਜ਼ਾਨਾ ਖਾਲੀ ਤੇ ਸਰਕਾਰ ਵਿੱਤੀ ਸੰਕਟ ਵਿੱਚ ਫਸੀ ਹੋਈ ਹੈ, ਵਿਧਾਇਕਾਂ ਨੂੰ ਲਗਜ਼ਰੀ ਕਾਰਾਂ ਦੇਣ ਦੀ ਤਜਵੀਜ਼ ਫਿਰ ਤਿਆਰ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ 17 ਨਵੀਆਂ ਗੱਡੀਆਂ ਖਰੀਦਣ ਦੀ ਤਜਵੀਜ਼ ਟਰਾਂਸਪੋਰਟ ਵਿਭਾਗ ਨੇ ਵਿੱਤ ਵਿਭਾਗ ਨੂੰ ਮਨਜ਼ੂਰੀ ਲਈ ਭੇਜੀ ਹੈ। ਹਾਲੇ ਇਹ ਫੈਸਲਾ ਨਹੀਂ ਕੀਤਾ ਗਿਆ ਕਿ ਕਿਹੜੀਆਂ ਗੱਡੀਆਂ ਖਰੀਦਣੀਆਂ ਹਨ, ਪਰ ਇੱਕ ਗੱਡੀ ਘੱਟੋ ਘੱਟ 25-30 ਲੱਖ ਰੁਪਏ ਦੇ ਨੇੜੇ ਆਏਗੀ, ਜਿਸ ਨਾਲ ਕਰੋੜਾਂ ਰੁਪਏ ਦਾ ਬੋਝ ਸਰਕਾਰ 'ਤੇ ਪਏਗਾ। ਰਾਜ ਦੀ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਇਸ ਤਜਵੀਜ਼ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਖਜ਼ਾਨੇ ਦੀ ਹਾਲਤ ਠੀਕ ਨਹੀਂ, ਪਰ ਸਰਕਾਰ ਕੋਈ ਨਾ ਕੋਈ ਜੁਗਾੜ ਕਰ ਕੇ ਪੈਸਾ ਜੁਟਾਏਗੀ ਤੇ ਵਿਧਾਇਕਾਂ ਲਈ ਲਗਜ਼ਰੀ ਗੱਡੀਆਂ ਖਰੀਦੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਈ ਵਿਧਾਇਕ ਉਨ੍ਹਾਂ ਪੁਰਾਣੀਆਂ ਮਾੜੀਆਂ ਗੱਡੀਆਂ 'ਚ ਸਫਰ ਕਰਦੇ ਹਨ, ਜੋ ਚਾਰ ਲੱਖ ਕਿਲੋਮੀਟਰ ਤੱਕ ਚੱਲ ਚੁੱਕੀਆਂ ਹਨ। ਇਸ ਲਈ ਉਹ ਜ਼ਰੂਰੀ ਪ੍ਰੋਗਰਾਮਾਂ ਤੇ ਮੀਟਿੰਗਾਂ ਵਿੱਚ ਕਈ ਵਾਰ ਸਮੇਂ ਸਿਰ ਨਹੀਂ ਪਹੁੰਚ ਸਕਦੇ ਅਤੇ ਉਨ੍ਹਾਂ ਵੱਲੋਂ ਵਾਰ ਵਾਰ ਨਵੀਆਂ ਗੱਡੀਆਂ ਦੀ ਮੰਗ ਕੀਤੀ ਜਾਂਦੀ ਹੈ, ਜਿਸ ਕਾਰਨ ਸਰਕਾਰ ਨੇ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਸਾਰੇ ਵਿਧਾਇਕਾਂ ਨੂੰ ਨਵੀਆਂ ਗੱਡੀਆਂ ਦਿੱਤੀਆਂ ਜਾਣ, ਪਰ ਵਿੱਤੀ ਹਾਲਤ ਕਾਰਨ ਹਾਲੇ 17 ਗੱਡੀਆਂ ਦੀ ਤਜਵੀਜ਼ ਬਣਾਈ ਗਈ ਹੈ।







# ਬ੍ਰਿਟੇਨ ਦੀ ਨਵੀਂ ਸਰਕਾਰ ਯੂਰਪੀ ਯੂਨੀਅਨ ਤੋਂ ਐਗਜ਼ਿਟ ਕਰਨ ਨੂੰ ਪਹਿਲਾ ਕੰਮ ਮੰਨੇਗੀ

## * ਨਵੀਂ ਪਾਰਲੀਮੈਂਟ ਅੱਗੇ ਬੋਰਿਸ ਜਾਨਸਨ ਸਰਕਾਰ ਵੱਲੋਂ ਕੁਈਨ ਦਾ ਭਾਸ਼ਣ



ਲੰਡਨ, 19 ਦਸੰਬਰ, (ਪੋਸਟ ਬਿਊਰੋ)- ਬ੍ਰਿਟੇਨ ਦੀ ਮਹਾਰਾਣੀ ਏਲੀਜ਼ਾਬੇਥ ਨੇ ਅੱਜ ਵੀਰਵਾਰ ਕਿਹਾ ਕਿ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਇਕ ਵੱਡੀ ਪਹਿਲ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਨੂੰ ਵੱਖ ਕਰਨ ਦੀ ਹੋਵੇਗੀ।

ਆਪਣੇ ਦੇਸ਼ ਦੀ ਨਵੀਂ ਸਰਕਾਰ ਬਣਨ ਪਿੱਛੋਂ ਪਾਰਲੀਮੈਂਟ ਦਾ ਪਹਿਲਾ ਸੈਸ਼ਨ ਸ਼ੁਰੂ ਕਰਨ ਦੇ ਵਕਤ ਮਹਾਰਾਣੀ ਐਲਿਜ਼ਾਬੈੱਥ ਨੇ ਜਾਨਸਨ ਸਰਕਾਰ ਵੱਲੋਂ ਪੇਸ਼ ਕੀਤੇ ਨਵੇਂ ਬਿੱਲਾਂ ਅਤੇ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਦਾ ਵੱਡਾ ਐਲਾਨ ਵੀ ਕਰ ਦਿੱਤਾ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਰਕਾਰ ਦੀ ਵੱਡੀ ਪਹਿਲ 31 ਜਨਵਰੀ ਤੱਕ ਬ੍ਰਿਟੇਨ ਨੂੰ ਯੂਰਪੀ ਯੂਨੀਅਨ ਤੋਂ ਵੱਖ ਕਰਨਾ ਹੋਵੇਗੀ। ਉਨ੍ਹਾਂ ਆਖਿਆ ਕਿ ਸਰਕਾਰ ਬ੍ਰੈਗਜ਼ਿਟ ਦੇ ਜ਼ਿਆਦਾ ਮੌਕਿਆਂ ਨੂੰ ਜਾਰੀ ਰੱਖਣ ਲਈ ਕਾਨੂੰਨ ਬਣਾਵੇ, ਜਿਸ ਵਿੱਚ ਹੋਰ ਪ੍ਰਮੁੱਖ ਗਲੋਬਲ ਅਰਥ ਵਿਵਸਥਾਵਾਂ ਨਾਲ ਵਪਾਰ ਸਬੰਧ ਸਥਾਪਤ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਬ੍ਰੈਗਜ਼ਿਟ ਨਾਲ ਸਬੰਧਤ ਕਰੀਬ 5 ਵੱਖ-ਵੱਖ ਬਿੱਲ ਆਉਣ ਵਾਲੇ ਹਨ।

ਵਰਨਣ ਯੋਗ ਹੈ ਕਿ ਬ੍ਰੈਗਜ਼ਿਟ ਬਾਰੇ ਹਾਲੇ ਤੱਕ ਕਈ ਤਰ੍ਹਾਂ ਉਤਾਰ-ਚੜ੍ਹਾਅ ਆਉਂਦੇ ਰਹੇ ਹਨ ਅਤੇ 31 ਜਨਵਰੀ ਨੂੰ ਦੇਖਣਾ ਹੋਵੇਗਾ ਕਿ ਬੋਰਿਸ ਜਾਨਸਨ ਇਸ ਵਾਰ ਬ੍ਰੈਗਜ਼ਿਟ ਨੂੰ ਪਾਰ ਲਵਾ ਸਕਦੇ ਹਨ ਜਾਂ ਨਹੀਂ।

# ਗੈਰਕਾਨੂੰਨੀ ਗੈਂਬਲਿੰਗ ਰਿੰਗ ਖਿਲਾਫ ਕੀਤੀ ਕਾਰਵਾਈ ਵਿੱਚ ਦਰਜਨਾਂ ਮਸ਼ਕੂਕਾਂ ਖਿਲਾਫ ਲੱਗੇ ਸੈਂਕੜੇ ਚਾਰਜਿਜ਼



ਓਨਟਾਰੀਓ, 19 ਦਸੰਬਰ (ਪੋਸਟ ਬਿਊਰੋ) : ਗੈਂਗਜ਼ ਨਾਲ ਸਬੰਧ ਰੱਖਣ ਵਾਲੇ ਕਥਿਤ ਗੈਰਕਾਨੂੰਨੀ ਗੈਂਬਲਿੰਗ ਆਪਰੇਸ਼ਨ ਸਬੰਧੀ ਕੀਤੀ ਗਈ ਕਾਰਵਾਈ ਤੋਂ ਬਾਅਦ ਦਰਜਨਾਂ ਮਸ਼ਕੂਕਾਂ ਨੂੰ ਸੈਂਕੜੇ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਖੁਲਾਸਾ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਵੀਰਵਾਰ ਨੂੰ ਕੀਤਾ ਗਿਆ।

ਕਥਿਤ ਗੈਂਬਲਿੰਗ ਰਿੰਗ ਖਿਲਾਫ ਦੋ ਸਾਲ ਤੱਕ ਕੀਤੀ ਗਈ ਜਾਂਚ ਤੋਂ ਬਾਅਦ ਹੀ ਇਹ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਇਹ ਵੀ ਪਤਾ ਲੱਗਿਆ ਹੈ ਕਿ ਇਹ ਆਪਰੇਸ਼ਨ ਹੈੱਲਜ਼ ਏਂਜਲਜ਼ ਬਾਈਕਰ ਗੈਂਗ ਦੇ ਮੈਂਬਰਾਂ ਵੱਲੋਂ ਚਲਾਇਆ ਜਾ ਰਿਹਾ ਸੀ। ਇਸ ਜਾਂਚ ਨੂੰ ਪ੍ਰੋਜੈਕਟ ਹੋਬਾਰਟ ਨਾਂ ਦਿੱਤਾ ਗਿਆ ਸੀ। ਪ੍ਰੋਵਿੰਸ਼ੀਅਲ ਫੋਰਸ ਦੀ ਟੀਮ ਨੇ 18 ਹੋਰ ਏਜੰਸੀਆਂ ਤੇ ਪ੍ਰੋਵਿੰਸ ਭਰ ਦੀਆਂ ਪੁਲਿਸ ਸੇਵਾਵਾਂ, ਜਿਨ੍ਹਾਂ ਵਿੱਚ ਲੰਡਨ, ਨਾਇਗਰਾ ਰੀਜਨ, ਸੌਂ ਸੇਂਟ ਮਰੀ, ਟੋਰਾਂਟੋ ਅਤੇ ਹੈਮਿਲਟਨ ਸ਼ਾਮਲ ਸਨ, ਦੇ ਸਹਿਯੋਗ ਨਾਲ ਇਸ ਜਾਂਚ ਨੂੰ ਮੁਕੰਮਲ ਕੀਤਾ।

ਪੁਲਿਸ ਨੇ ਇਸ ਸਬੰਧ ਵਿੱਚ ਸਾਰਾ ਵੇਰਵਾ ਨਿਊਜ਼ ਕਾਨਫਰੰਸ ਵਿੱਚ ਦਿੱਤਾ। ਜਿੱਥੇ ਓਪੀਪੀ ਕਮਿਸ਼ਨਰ ਥਾਮਸ ਕੈਰਿਕ ਨੇ ਆਖਿਆ ਕਿ ਇਸ ਗੈਂਬਲਿੰਗ ਆਪਰੇਸ਼ਨ ਰਾਹੀਂ ਕਈ ਮਿਲੀਅਨ ਡਾਲਰ ਕਮਾਏ ਗਏ ਤੇ ਇਨ੍ਹਾਂ ਨੂੰ ਕਈ ਤਰ੍ਹਾਂ ਦੇ ਸੰਗੀਨ ਜੁਰਮ ਕਰਨ ਵਿੱਚ ਲਾਇਆ ਗਿਆ। ਉਨ੍ਹਾਂ ਆਖਿਆ ਕਿ ਅੱਗੇ ਤੋਂ ਜੁਰਮ ਤੇ ਹਿੰਸਾ ਰੋਕਣ ਲਈ ਅਜਿਹੀ ਮੁਜਰਮਾਨਾ ਜਥੇਬੰਦੀ ਨੂੰ ਹੋਣ ਵਾਲੇ ਫਾਇਦੇ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਜਨਵਰੀ 2018 ਵਿੱਚ ਪ੍ਰੋਜੈਕਟ ਹੋਬਰਟ ਲਾਂਚ ਕੀਤਾ ਸੀ। ਓਨਟਾਰੀਓ ਤੇ ਕਿਊਬਿਕ ਵਿੱਚ ਹਿੰਸਾ ਦੇ ਮਾਮਲੇ ਵਧਣ ਤੋਂ ਬਾਅਦ ਇਸ ਪ੍ਰੋਜੈਕਟ ਨੂੰ ਲਾਂਚ ਕੀਤਾ ਗਿਆ। ਕਤਲ ਦੀਆਂ ਕੋਸ਼ਿਸ਼ਾਂ, ਅਗਜ਼ਨੀ ਦੀਆਂ ਘਟਨਾਵਾਂ, ਜ਼ਬਰੀ ਪੈਸਾ ਵਸੂਲਣ ਤੇ ਹਮਲਿਆਂ ਦੇ ਮਾਮਲਿਆਂ ਵਿੱਚ ਆਈ ਤੇਜ਼ੀ ਤੋਂ ਬਾਅਦ ਹੀ ਇਸ ਤਰ੍ਹਾਂ ਦੀ ਵਿਆਪਕ ਜਾਂਚ ਦੀ ਲੋੜ ਮਹਿਸੂਸ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਮਿਸੀਸਾਗਾ ਵਿੱਚ ਇੱਕ ਗੇਮਿੰਗ ਹਾਊਸ ਨੂੰ ਬੰਦ ਕਰਵਾਇਆ ਤੇ ਇਸ ਦੇ ਨਾਲ ਹੀ ਹੈੱਲਜ਼ ਏਂਜਲਸ ਦੇ ਮੈਂਬਰਾਂ ਵੱਲੋਂ ਚਲਾਈਆਂ ਜਾਣ ਵਾਲੀਆਂ ਸਾਈਟਸ ਅਲਟੀਮੇਟ ਐਸਬੀ, ਟਾਈਟਨ ਐਸਬੀ, ਪਲੇਟ-ਟਨ ਐਸਬੀ, ਪ੍ਰਿਵਾਡਾ ਐਸਬੀ ਤੇ ਪਲੇਅਰਜ਼ ਐਸਬੀ ਵੀ ਬੰਦ ਕਰਵਾਈਆਂ।

ਜਾਂਚਕਾਰਾਂ ਨੇ ਦੱਸਿਆ ਕਿ ਇਸ ਸਾਲ ਜਨਵਰੀ ਤੋਂ ਜੁਲਾਈ ਤੱਕ ਇਨ੍ਹਾਂ ਸਾਈਟਸ ਤੋਂ ਕੁੱਲ 13 ਮਿਲੀਅਨ ਡਾਲਰ ਦੀ ਕਮਾਈ ਹੋਈ। ਪਿਛਲੇ ਪੰਜ ਸਾਲਾਂ ਵਿੱਚ ਇਨ੍ਹਾਂ ਸਾਈਟਸ ਤੋਂ 131 ਮਿਲੀਅਨ ਡਾਲਰ ਜੁਟੇ। ਪੁਲਿਸ ਨੇ ਇਹ ਦਾਅਵਾ ਵੀ ਕੀਤਾ ਕਿ ਇਸ ਸਾਲ ਦੇ ਸ਼ੁਰੂ ਵਿੱਚ ਟੋਰਾਂਟੋ ਵਿੱਚ ਹੋਏ ਇੱਕ ਕਤਲ ਦਾ ਮਾਮਲਾ ਵੀ ਇਸ ਸੰਗਠਿਤ ਜੁਰਮ ਨਾਲ ਹੀ ਵਾਸਤਾ ਰੱਖਦਾ ਹੈ। ਪੁਲਿਸ ਨੇ ਦੱਸਿਆ ਕਿ ਮਾਰਚ ਵਿੱਚ ਮਿਸੀਸਾਗਾ ਦੇ ਜਿੰਮ ਦੇ ਪਾਰਕਿੰਗ ਲੌਟ ਵਿੱਚ ਮਾਈਕਲ ਡੀਬਾਇਤੁਆ ਸੁਲਡੇ ਦਾ ਕੀਤਾ ਗਿਆ ਕਤਲ ਇਸ ਸੰਗਠਨ ਨਾਲ ਹੀ ਸਬੰਧਤ ਸੀ।

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca


“Your neighborhood broker, Call Paramjit Deol Today”

**Mississauga $134,000**

**17 Tannery St:** Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900**


**7215 Goreway Dr 70:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

**St. Catharines $189,000**

**198 Glenridge Ave 5:** Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

**Mississauga $199,900**
Techlogics
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000**
GINO'S PIZZA
**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900**
Photo Not Available
**7120 Pacific Circ B :** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As


**Shelburne $399,999**

**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000**

**90 Dale Ave 407:** Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

**Mississauga $449,000**


**2556 Argyle Rd 1104:** Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New


**Richmond Hill $560,000**

**8868 Yonge St 222E :** Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000**

**32 Tollgate St :** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900**

**29 Phillip Ave:** Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000**

**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**

**785 Craig Carrier Crt:** Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000**
Photo Not Available
**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਮਾਤਾ ਗੁਜਰੀ ਦੇ ਨਾਟਕ ਤੋਂ ਇਕੱਤਰ ਰਾਸ਼ੀ ਸਿੱਕ ਕਿਡਜ਼ ਹਸਪਤਾਲ ਨੂੰ ਦਿੱਤੀ ਜਾਵੇਗੀ



ਟੋਰਾਂਟੋ- ਯੂਨਾਈਟਡ ਮੈਗਾ ਮਿਲੇਨੀਅਮ ਵੱਲੋਂ ਡਾ ਹੀਰਾ ਰੰਧਾਵਾ ਦੁਆਰਾ ਨਿਰਦੇਸ਼ਿਤ ਕੀਤੇ ਜਾ ਰਹੇ ਨਾਟਕ 'ਮਾਤਾ ਗੁਜਰੀ ਸਾਕਾ ਸਰਹਿੰਦ' ਨਾਟਕ ਦੀ ਪੇਸ਼ਕਾਰੀ 22 ਦਸੰਬਰ ਨੂੰ ਕੀਤੀ ਜਾਵੇਗੀ। ਨਿਰਦੇਸ਼ਕ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਿਰਮਲ ਜੌੜਾ ਦੁਆਰਾ ਲਿਖੇ ਉਕਤ ਨਗਟਕ ਦੀ ਪੇਸ਼ਕਾਰੀ ਬਰੈਂਪਟਨ ਦੇ ਰੋਜ਼ ਥੀਏਟਰ ਵਿੱਚ ਬਾਅਦ ਦੁਪਹਿਰ ਇੱਕ ਤੋਂ ਤਿੰਨ ਵਜੇ ਦੌਰਾਨ ਕੀਤੀ ਜਾਵੇਗੀ। ਇਸ ਪੇਸ਼ਕਾਰੀ ਲਈ ਵਿਕਣ ਵਾਲੀਆਂ ਟਿਕਟਾਂ ਤੋਂ ਪ੍ਰਾਪਤ ਧੰਨ ਰਾਸ਼ੀ ਟੋਰਾਂਟੋ ਦੇ 'ਸਿੱਕ ਕਿਡਜ਼ ਹਸਪਤਾਲ' ਨੂੰ ਦਾਨ ਕੀਤੀ ਜਾਵੇਗੀ। ਇਹ ਨਾਟਕ ਮਾਤਾ ਗੁਜਰੀ ਅਤੇ ਸਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਉੱਤੇ ਅਧਾਰਿਤ ਹੈ ਜਿਸ ਵਿੱਚ 50 ਦੇ ਕਰੀਬ ਬੱਚੇ ਤੇ ਵੱਡੇ ਥੀਏਟਰ ਕਲਾਕਾਰ ਕੰਮ ਕਰ ਰਹੇ ਹਨ। ਇਸ ਨਾਟਕ ਦਾ ਆਨੰਦ ਮਾਨਣ ਸਮੇਤ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਇਹ ਇੱਕ ਸੁਨਹਿਰੀ ਮੌਕਾ ਹੈ ਕਿਉਂਕਿ ਇਸ ਵਿੱਚ ਬੱਚੇ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਸ ਨਾਟਕ ਦੀਆਂ ਟਿਕਟਾਂ ਤੇ ਵਧੇਰੇ ਜਾਣਕਾਰੀ ਲਈ ਗੁਰਪ੍ਰੀਤ ਨੂੰ 416-816-3515, ਸ਼ਾਨ ਨੂੰ 416-989-5555 ਜਾਂ ਦੇਵ ਮਾਂਗਟ ਨੂੰ 416-803-5333 ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚੰਡੀਗੜ੍ਹ ਵਿੱਚ ਦੋ ਵਿਦਿਆਰਥੀ ਨੇਤਾ ਗੋਲੀਆਂ ਮਾਰ ਕੇ ਮਾਰੇ ਗਏ



ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਹਥਿਆਰਾਂ ਨਾਲ ਲੈਸ ਚਾਰ ਹਮਲਾਵਰਾਂ ਨੇ ਕੱਲ੍ਹ ਰਾਤ ਸੈਕਟਰ 15 ਦੀ ਕੋਠੀ ਨੰਬਰ 3556 ਦੇ ਟਾਪ ਫਲੌਰ ਉਤੇ ਹਰਿਆਣਾ ਸਟੂਡੈਂਟਸ ਐਸੋਸੀਏਸ਼ਨ (ਐੱਚ ਐੱਸ ਏ) ਦੇ ਦੋ ਵਿਦਿਆਰਥੀ ਨੇਤਾਵਾਂ 'ਤੇ ਗੋਲੀਆਂ ਚਲਾ ਦਿੱਤੀਆਂ। ਆਵਾਜ਼ ਸੁਣ ਕੇ ਮਕਾਨ ਮਾਲਕ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਵਿਦਿਆਰਥੀਆਂ ਨੂੰ ਪੀ ਜੀ ਆਈ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਦੋਵਾਂ ਨੂੰ ਤਿੰਨ-ਤਿੰਨ ਗੋਲੀਆਂ ਲੱਗੀਆਂ ਹਨ। ਦੋਵਾਂ ਦੀ ਪਛਾਣ ਜੀਂਦ ਵਾਸੀ ਅਜੈ ਤੇ ਵਿਨੀਤ ਸਿੰਗਲਾ ਦੇ ਰੂਪ ਵਿੱਚ ਹੋਈ ਹੈ। ਦੋਵੇਂ ਨੌਜਵਾਨ ਕੱਲ੍ਹ ਹੀ ਚੰਡੀਗੜ੍ਹ ਆਏ ਸਨ ਅਤੇ ਇਥੇ ਕਮਰਾ ਕਿਰਾਏ 'ਤੇ ਲਿਆ ਸੀ। ਸੈਕਟਰ-11 ਥਾਣਾ ਪੁਲਸ ਨੇ ਮੌਕੇ 'ਤੇ ਜਾਂਚ ਦੇ ਬਾਅਦ ਹਮਲਾਵਰਾਂ 'ਤੇ ਮਾਮਲਾ ਦਰਜ ਕਰ ਲਿਆ ਹੈ।

ਮੌਕੇ ਉੱਤੇ ਪਹੁੰਚੇ ਐੱਸ ਪੀ ਸਿਟੀ ਵਿਨੀਤ ਕੁਮਾਰ ਅਤੇ ਹੋਰ ਅਫਸਰਾਂ ਨੇ ਘਟਨਾ ਸਥਾਨ ਉੱਤੇ ਫੋਰੈਂਸਿਕ ਟੀਮ ਨੂੰ ਬੁਲਾਇਆ, ਜਿਸ ਨੇ ਮੌਕੇ ਤੋਂ ਖ਼ੂਨ ਦੇ ਸੈਂਪਲ ਲਏ। ਕੋਠੀ ਮਾਲਕ ਸ੍ਰੀਰਾਮ ਨੇ ਦੱਸਿਆ ਕਿ ਟਾਪ ਫਲੋਰ ਉਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਚਾਰ ਨੌਜਵਾਨ ਗੋਲੀਆਂ ਮਾਰ ਕੇ ਫਰਾਰ ਹੋਏ ਹਨ। ਜਾਂਚ ਵਿੱਚ ਪਤਾ ਲੱਗਾ ਕਿ ਇੱਕ ਗੌਰਮਿੰਟ ਕਾਲਜ ਸੈਕਟਰ-11 ਅਤੇ ਦੂਸਰਾ ਐੱਸ ਡੀ ਕਾਲਜ 32 ਦਾ ਵਿਦਿਆਰਥੀ ਹੈ। ਪੁਲਸ ਨੇ ਉਨ੍ਹਾਂ ਦੇ ਨਾਲ ਹੀ ਕਮਰੇ ਦੇ ਬਾਹਰ ਮੌਜੂਦ ਮੋਹਿਤ ਪੂਨੀਆ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

# ਗਵਾਹੀ ਦੇਣ ਕੋਰਟ ਨੂੰ ਗਏ ਨੌਜਵਾਨ ਨੂੰ ਕਾਰ ਸਵਾਰਾਂ ਨੇ ਗੋਲੀਆਂ ਮਾਰੀਆਂ

ਤਰਨ ਤਾਰਨ, 19 ਦਸੰਬਰ (ਪੋਸਟ ਬਿਊਰੋ)- ਕਚਹਿਰੀ ਵਿੱਚ ਕਤਲ ਕੇਸ ਦੀ ਗਵਾਹੀ ਦੇ ਕੇ ਕਾਰ 'ਚ ਸਾਥੀਆਂ ਨਾਲ ਘਰ ਜਾ ਰਹੇ ਨੌਜਵਾਨ 'ਤੇ ਕਾਰ ਸਵਾਰਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਕਾਰਨ ਕਾਰ ਸਵਾਰ ਭਗਵਾਨ ਸਿੰਘ ਵਾਸੀ ਕਾਜੀਕੋਟ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਨਿੱਜੀ ਹਸਪਤਾਲ ਦਾਖਲ ਕਰਾਇਆ ਗਿਆ। ਘਟਨਾ ਕਚਹਿਰੀ ਤੋਂ 200 ਮੀਟਰ ਦੂਰ ਤਰਨ ਤਾਰਨ-ਬਠਿੰਡਾ ਨੈਸ਼ਨਲ ਹਾਈਵੇ 'ਤੇ ਹੋਈ। ਦੋਸ਼ੀ ਘਟਨਾ ਦੇ ਬਾਅਦ ਫਰਾਰ ਹੋ ਗੇ।

ਵਰਨਣ ਯੋਗ ਹੈ ਕਿ ਇਸ ਗੋਲੀ ਕਾਂਡ ਵਿੱਚ ਜ਼ਖਮੀ ਹੋਏ ਭਗਵਾਨ ਸਿੰਘ ਦੇ ਰਿਸ਼ਤੇਦਾਰ ਹਰਪ੍ਰੀਤ ਸਿੰਘ ਦੀ ਇਸੇ ਸਾਲ ਜਨਵਰੀ ਵਿੱਚ ਹਥਿਆਰਬੰਦਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਅਤੇ ਉਸੇ ਕੇਸ ਵਿੱਚ ਕੱਲ੍ਹ ਇਹ ਗਵਾਹੀ ਦੇਣ ਕਚਹਿਰੀ ਗਿਆ ਸੀ। ਐੱਸ ਪੀ ਡੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਕਾਰ ਸਵਾਰ ਜਿਨ੍ਹਾਂ ਲੋਕਾਂ ਨੇ ਗੋਲੀਆਂ ਚਲਾਈਆਂ ਹਨ, ਉਨ੍ਹਾਂ ਦੀ ਪਛਾਣ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਸੀ ਸੀ ਟੀ ਵੀ ਫੁਟੇਜ ਦੇ ਆਧਾਰ 'ਤੇ ਪਤਾ ਲੱਗਾ ਹੈ ਕਿ ਜਿਸ ਗੱਡੀ 'ਤੇ ਨੌਜਵਾਨ ਸਵਾਰ ਹੋ ਕੇ ਆਏ ਸਨ, ਉਹ ਗੱਡੀ ਤਰਨ ਤਾਰਨ ਨੰਬਰ ਦੀ ਹੈ। ਜ਼ਖਮੀ ਦੇ ਭਰਾ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸ ਦੇ ਰਿਸ਼ਤੇਦਾਰ ਹਰਪ੍ਰੀਤ ਸਿੰਘ ਦੀ ਜਨਵਰੀ ਵਿੱਚ ਅੰਮ੍ਰਿਤ ਬਾਠ, ਰਾਜਾ ਤੇ ਉਸ ਦੇ ਸਾਥੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਭਗਵਾਨ ਸਿੰਘ ਉਸ ਕੇਸ ਦਾ ਸ਼ਿਕਾਇਤ ਕਰਤਾ ਸੀ। ਉਕਤ ਦੋਸ਼ੀ ਉਸ 'ਤੇ ਰਾਜ਼ੀਨਾਮੇ ਲਈ ਦਬਾਅ ਬਣਾ ਰਹੇ ਸਨ। ਨਿਸ਼ਾਨ ਸਿੰਘ ਮੁਤਾਬਕ ਉਕਤ ਦੋਸ਼ੀਆਂ ਨੂੰ ਪੁਲਸ ਗ੍ਰਿਫਤਾਰ ਨਹੀਂ ਕਰ ਰਹੀ ਸੀ। ਇਸੇ ਦਾ ਫਾਇਦਾ ਲੈ ਕੇ ਉਨ੍ਹਾਂ ਨੇ ਉਸ ਦੇ ਭਰਾ ਭਗਵਾਨ ਸਿੰਘ 'ਤੇ ਵੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਉਨ੍ਹਾਂ ਦੇ ਖਿਲਾਫ ਗਵਾਹੀ ਨਾ ਦੇ ਸਕੇ।

# ਕਿਡਨੀ ਕਾਂਡ: ਡਾਕਟਰ ਰਾਜੇਸ਼ ਉੱਤੇ ਦੋਸ਼ ਤੈਅ ਨਹੀਂ, ਕੋਰਟ ਨੇ ਸੁਣਵਾਈ ਟਾਲੀ

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਸ਼ਹਿਰ ਦੇ ਬਹੁਚਰਚਿਤ ਕਿਡਨੀ ਕਾਂਡ ਵਿੱਚ ਨਾਮਜ਼ਦ ਹੋਏ ਡਾਕਟਰ ਰਾਜੇਸ਼ ਅਗਰਵਾਲ ਉੱਤੇ ਕੱਲ੍ਹ ਦੋਸ਼ ਤੈਅ ਨਹੀਂ ਹੋ ਸਕੇ। ਅਦਾਲਤ ਵਿੱਚ ਇਸ ਕੇਸ ਦੀ ਅਗਲੀ ਤਰੀਕ 20 ਜਨਵਰੀ ਰੱਖੀ ਹੈ, ਤਦ ਡਾਕਟਰ ਅਗਰਵਾਲ 'ਤੇ ਦੋਸ਼ ਤੈਅ ਹੋਣ ਦੀ ਸੰਭਾਵਨਾ ਹੈ।

ਅਦਾਲਤ ਵਿੱਚ ਕੱਲ੍ਹ ਇਸ ਕੇਸ ਵਿੱਚ ਨਾਮਜ਼ਦ ਲੋਕਾਂ ਦੇ ਵਕੀਲ ਪੇਸ਼ ਹੋਏ, ਪਰ ਦਸ ਤੋਂ ਵੱਧ ਲੋਕਾਂ ਦੇ ਪੇਸ਼ ਨਾ ਹੋਣ 'ਤੇ ਸੁਣਵਾਈ ਟਲ ਗਈ। ਇਸੇ ਕੇਸ ਵਿੱਚ ਫਸੇ ਡਾਕਟਰ ਪੁਨੀਤ ਗਰੋਵਰ ਨੇ ਅਰਜ਼ੀ ਦਿੱਤੀ ਸੀ ਕਿ ਉਨ੍ਹਾਂ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ। ਇਸ ਬਾਰੇ ਵੀ ਸੁਣਵਾਈ ਟਲ ਗਈ ਹੈ। ਇਸ ਦੇ ਇਲਾਵਾ ਦੋਸ਼ੀ ਸਬੂਰ ਅਹਿਮਦ ਦੇ ਵਕੀਲ ਜਤਿੰਦਰ ਅਰੋੜਾ ਨੇ ਅਦਾਲਤ ਵਿੱਚ ਦੱਸਿਆ ਕਿ ਸਬੂਰ ਪੇਸ਼ ਹੋਣ ਲਈ ਆ ਰਿਹਾ ਹੈ, ਪ੍ਰੰਤੂ ਧੁੰਦ ਕਾਰਨ ਗੱਡੀਆਂ ਲੇਟ ਹਨ। ਇਸ ਲਈ ਉਸ ਨੂੰ ਅਗਲੀ ਵਾਰ ਪੇਸ਼ ਹੋਣ ਨੂੰ ਕਿਹਾ ਗਿਆ। ਇਸ ਮਾਮਲੇ ਵਿੱਚ ਦੋਸ਼ੀ ਕੁਲਦੀਪ ਕੁਮਾਰ ਦੇ ਲਗਾਤਾਰ ਪੇਸ਼ ਨਾ ਹੋਣ ਕਾਰਨ ਗ੍ਰਿਫਤਾਰੀ ਵਾਰੰਟ ਨਿਕਲੇ ਸਨ। ਇਸ ਦੇ ਬਾਵਜੂਦ ਉਸ ਨੂੰ ਫੜਿਆ ਨਹੀਂ ਜਾ ਸਕਿਆ। ਅਦਾਲਤ ਵਿੱਚ ਉਸ ਨੂੰ ਪੀ ਓ ਕਰਨ ਦੀ ਕਾਰਵੀ ਸ਼ੁਰੂ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਜਲੰਧਰ ਪੁਲਸ ਨੇ ਤੀਹ ਜੁਲਾਈ 2015 ਨੂੰ ਕਿਡਨੀ ਕਾਂਡ ਦਾ ਪਰਦਾ ਫਾਸ਼ ਕੀਤਾ ਸੀ। ਇਸ ਕੇਸ ਦੇ ਕਿੰਗਪਿਨ ਜੁਨੈਦ ਅਹਿਮਦ ਖਾਨ, ਕੁਲਦੀਪ, ਸਬੂਰ ਅਹਿਮਦ ਖਾਨ, ਵਰਦਾਨ ਚੰਦਰ ਰਾਓ ਨੂੰ ਗ੍ਰਿਫਤਾਰ ਕੀਤਾ ਸੀ। ਜਾਂਚ ਵਿੱਚ ਜੁਨੈਦ ਨੇ ਕਿਹਾ ਸੀ ਕਿ ਉਸ ਨੇ ਨੈਸ਼ਨਲ ਕਿਡਨੀ ਹਸਪਤਾਲ ਵਿੱਚ ਛੇ ਟਰਾਂਸਪਲਾਂਟ ਕਰਾਏ ਹਨ। ਇਸ ਵਿੱਚ ਉਸ ਦੀ ਮਦਦ ਹਸਪਤਾਲ ਦੀ ਟਰਾਂਸਪਲਾਂਟ ਕੋਆਰਡੀਨੇਟਰ ਸਾਧਨਾ ਚੋਪੜਾ ਉਰਫ ਨੀਨਾ ਅਤੇ ਸੁੰਦਰ ਲੈਬ ਦੇ ਹਰਵਿੰਦਰ ਨੇ ਕੀਤੀ ਸੀ। ਇਸ ਪਿੱਛੋਂ ਪੁਲਸ ਨੇ ਯੂਰੋਲਾਜਿਸਟ ਡਾ: ਰਾਜੇਸ਼ ਅਗਰਵਾਲ, ਡਾ: ਸੰਜੇ, ਡਾ: ਸੁਮਨ ਮਿੱਤਲ, ਦੀਪਾ ਅਗਰਵਾਲ, ਡਾਕਟਰ ਪੁਨੀਤ ਪਾਲ ਸਿੰਘ ਗਰੋਵਰ ਸਮੇਤ 23 ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਸੀ।

# ਸਕੂਟੀ ਨੂੰ ਟਿੱਪਰ ਦੀ ਟੱਕਰ ਵਿੱਚ ਮਹਿਲਾ ਦੀ ਮੌਤ

ਅੰਮ੍ਰਿਤਸਰ, 19 ਦਸੰਬਰ (ਪੋਸਟ ਬਿਊਰੋ)- ਸਕੂਲ ਤੋਂ ਬੇਟੇ ਨੂੰ ਲੈ ਕੇ ਘਰ ਆ ਰਹੀ ਮਹਿਲਾ ਅਤੇ ਉਸਦੀ ਗੁਆਂਢੀ ਦੀ ਐਕਟਿਵਾ ਨੂੰ ਗਲਤ ਸਾਈਡ ਤੋਂ ਆਏ ਤੇਜ਼ ਰਫਤਾਰ ਟਿੱਪਰ ਨੇ ਟੱਕਰ ਮਾਰ ਦਿੱਤੀ। ਐਕਟਿਵਾ ਤੋਂ ਡਿੱਗਦੇ ਸਾਰ ਪਿੱਛੇ ਬੈਠੀ ਚਰਨਜੀਤ ਕੌਰ (32) ਦੇ ਸਿਰ ਤੋਂ ਟਿੱਪਰ ਦਾ ਟਾਇਰ ਲੰਘ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਸੱਤ ਸਾਲ ਦਾ ਸਾਹਿਬ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਪਿੱਛੋਂ ਆਏ ਦੋ ਨੌਜਵਾਨਾਂ ਨੇ ਚੁੱਕ ਕੇ ਫੋਰਟਿਸ ਐਸਕਾਰਟ ਵਿੱਚ ਦਾਖਲ ਕਰਵਾ ਦਿੱਤਾ, ਉਥੇ ਉਹ ਵੈਂਟੀਲੇਟਰ 'ਤੇ ਹੈ। ਐਕਟਿਵਾ ਚਲਾ ਰਹੀ ਅਮਨਦੀਪ ਕੌਰ ਦੇ ਸਿਰ 'ਤੇ ਚਿਹਰੇ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਸ਼ਿਵਾਲਾ ਕਲੋਨੀ ਵਿੱਚ ਰਹਿਣ ਵਾਲੀ ਚਰਨਜੀਤ ਗੁਆਂਢੀ ਅਮਨਦੀਪ ਨਾਲ ਸਕੂਟੀ ਉੱਤੇ ਆਪਣੇ ਬੇਟੇ ਸਾਹਿਬ ਨੂੰ ਲੈ ਕੇ ਸਕੂਲ ਰੋਡ ਤੋਂ ਨਿਕਲੀ ਸੀ। ਇਸੇ ਦੌਰਾਨ ਸਰਵਿਸ ਲੇਨ 'ਤੇ ਤੇਜ਼ ਰਫਤਾਰ ਟਿੱਪਰ ਨੇ ਐਕਟਿਵਾ ਨੂੰ ਪਿੱਛੋਂ ਟੱਕਰ ਮਾਰ ਦਿੱਤੀ।

# ਸਿਫਰ ਕਾਲ ਨੂੰ ਹੋਰ ਉਪਯੋਗੀ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਲੋੜ : ਅਜਾਇਬ ਸਿੰਘ ਭੱਟੀ

## ਭਾਰਤ ਦੀਆਂ ਵਿਧਾਨਕ ਸੰਸਥਾਵਾਂ ਦੇ ਪ੍ਰੀਜ਼ਾਈਡਿੰਗ ਅਫਸਰਾਂ ਦੀ ਕਾਨਫਰੰਸ ਵਿੱਚ ਪੰਜਾਬ ਦੀ ਨੁਮਾਇੰਦਗੀ




ਚੰਡੀਗੜ੍ਹ, 19 ਦਸੰਬਰ (ਗਿਆਨ ਸਿੰਘ): ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਨੇ ਦੇਹਰਾਦੂਨ (ਉਤਰਾਖੰਡ) ਵਿਖੇ ਕਰਾਈ ਗਈ ਭਾਰਤ ਦੀਆਂ ਵਿਧਾਨਕ ਸੰਸਥਾਵਾਂ ਦੇ ਪ੍ਰੀਜ਼ਾਈਡਿੰਗ ਅਫ਼ਸਰਾਂ ਦੀ 77ਵੀਂ ਕਾਨਫਰੰਸ ਵਿੱਚ ਪੰਜਾਬ ਦੀ ਨੁਮਾਇੰਦਗੀ ਕੀਤੀ।

ਇਸ ਦੋ-ਰੋਜ਼ਾ ਕਾਨਫਰੰਸ ਦੌਰਾਨ 'ਪਾਰਲੀਮਾਨੀ ਲੋਕਤੰਤਰ ਨੂੰ ਮਜ਼ਬੂਤ ਕਰਨ ਅਤੇ ਸਿਫਰ ਕਾਲ ਸਮੇਤ ਸਦਨ ਦੀ ਅੰਦਰੂਨੀ ਕਾਰਜਵਿਧੀ ਰਾਹੀਂ ਸਮਰਥਾ ਵਧਾਉਣ' ਬਾਰੇ ਵਿਸ਼ੇ ਉਤੇ ਵਿਚਾਰ ਵਟਾਂਦਰੇ ਦੌਰਾਨ ਡਿਪਟੀ ਸਪੀਕਰ ਨੇ ਕਿਹਾ ਕਿ ਕਾਨੂੰਨਸਾਜ਼ਾਂ ਦੀ ਪਾਰਲੀਮਾਨੀ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਹੁੰਦੀ ਹੈ। ਜਮਹੂਰੀਅਤ ਵਿੱਚ ਲੋਕਾਂ ਦੇ ਨੁਮਾਇੰਦਿਆਂ ਦੀ ਨਵੇਂ ਕਾਨੂੰਨ ਬਣਾਉਣ, ਬਜਟ ਮਨਜ਼ੂਰ ਕਰਨ ਅਤੇ ਦੇਸ਼ ਦੇ ਨਾਗਰਿਕਾਂ ਦੇ ਵਡੇਰੇ ਹਿੱਤਾਂ ਵਿੱਚ ਫੈਸਲੇ ਲੈਣ ਵਿੱਚ ਵੱਡੀ ਭੂਮਿਕਾ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਆਪਣੇ ਹਲਕੇ, ਰਾਜ ਅਤੇ ਦੇਸ਼ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਉਠਾਉਣ ਲਈ ਪ੍ਰਸ਼ਨ ਕਾਲ ਅਤੇ ਧਿਆਨ ਦਿਵਾਊ ਮਤਿਆਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਵਿੱਚੋਂ ਸਿਫਰ ਕਾਲ ਲੋਕਾਂ ਦੇ ਮਸਲਿਆਂ 'ਤੇ ਰੌਸ਼ਨੀ ਪਾਉਣ ਵਾਲਾ ਬੇਹੱਦ ਅਹਿਮ ਸਮਾਂ ਹੁੰਦਾ ਹੈ, ਜੋ ਲੋਕਾਂ ਦੇ ਮਹੱਤਵਪੂਰਨ ਮੁੱਦਿਆਂ ਨੂੰ ਹੱਲ ਕਰਨ ਵਿੱਚ ਸਹਾਈ ਹੁੰਦਾ ਹੈ। ਸ. ਭੱਟੀ ਨੇ ਸੁਝਾਅ ਦਿੱਤਾ ਕਿ ਇਸ ਸਬੰਧੀ ਕੁਝ ਦਿਸ਼ਾ-ਨਿਰਦੇਸ਼ ਅਤੇ ਨਿਯਮ ਤਿਆਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਸਿਫਰ ਕਾਲ ਵਿੱਚ ਸਮੇਂ ਅਤੇ ਊਰਜਾ ਨੂੰ ਬਚਾਇਆ ਜਾ ਸਕੇ ਅਤੇ ਲੋਕਾਂ ਨਾਲ ਸਬੰਧਤ ਮਾਮਲਿਆਂ ਦਾ ਤੁਰੰਤ ਅਤੇ ਗੰਭੀਰਤਾ ਨਾਲ ਮੁਲਾਂਕਣ ਕੀਤਾ ਜਾ ਸਕੇ। ਸਿਫਰ ਕਾਲ ਦੌਰਾਨ ਸਿਰਫ਼ ਜਨਤਕ ਹਿੱਤਾਂ ਦੇ ਬੇਹੱਦ ਅਹਿਮ ਮਸਲਿਆਂ ਨੂੰ ਹੀ ਉਠਾਉਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਇਸ ਸਮੇਂ ਨੂੰ ਹੋਰ ਉਪਯੋਗੀ, ਪ੍ਰਭਾਵਸ਼ਾਲੀ ਅਤੇ ਲਾਭਕਾਰੀ ਬਣਾਇਆ ਜਾ ਸਕੇ।

ਡਿਪਟੀ ਸਪੀਕਰ ਨੇ ਕਿਹਾ ਕਿ ਜਮਹੂਰੀਅਤ ਵਿੱਚ ਰਾਜਸੀ ਪਾਰਟੀਆਂ ਦੀਆਂ ਵਿਚਾਰਧਾਰਾਵਾਂ 'ਚ ਵੱਡੇ ਅੰਤਰ ਹੁੰਦੇ ਹਨ, ਜਿਨ੍ਹਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਕਾਨੂੰਨਸਾਜ਼ਾਂ ਦੇ ਵਿਚਾਰਾਂ ਅਤੇ ਨਜ਼ਰੀਏ ਵਿਚਲੀ ਵਿਭਿੰਨਤਾ ਅਤੇ ਇਸ ਵਿਭਿੰਨਤਾ ਦੇ ਪ੍ਰਗਟਾਵੇ ਦੀ ਆਜ਼ਾਦੀ ਹੀ ਲੋਕਤੰਤਰ ਦੀ ਅਸਲ ਭਾਵਨਾ ਹੈ, ਜਿਸ ਨੂੰ ਹਰ ਹਾਲ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।

ਇਸ ਕਾਨਫਰੰਸ ਵਿੱਚ ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਉਤਰਾਖੰਡ ਦੇ ਰਾਜਪਾਲ ਬੇਬੀ ਰਾਣੀ ਮੌਰਿਯਾ, ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਤੋਂ ਇਲਾਵਾ ਦੇਸ਼ ਦੀਆਂ ਤਕਰੀਬਨ ਸਾਰੀਆਂ ਵਿਧਾਨ ਸਭਾਵਾਂ ਦੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

# ਪੰਜਾਬੀ ਕਹਾਣੀਕਾਰ ਕ੍ਰਿਪਾਲ ਕਜ਼ਾਕ ਨੂੰ ਸਾਹਿਤ ਅਕਾਦਮੀ ਇਨਾਮ

ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਸਾਹਿਤ ਅਕਾਦਮੀ ਨੇ ਹਿੰਦੀ ਲਈ ਨੰਦ ਕਿਸ਼ੋਰ ਆਚਾਰੀਆ, ਅੰਗਰੇਜ਼ੀ ਲਈ ਪਾਰਲੀਮੈਂਟ ਮੈਂਬਰ ਡਾਕਟਰ ਸ਼ਸ਼ੀ ਥਰੂਰ, ਉਰਦੂ ਲਈ ਪ੍ਰੋਫੈਸਰ ਸ਼ਾਫੇ ਕਿਦਵਈ ਤੇ ਪੰਜਾਬੀ ਭਾਸ਼ਾ ਲਈ ਕ੍ਰਿਪਾਲ ਕਜ਼ਾਕ ਸਮੇਤ 23 ਭਾਰਤੀ ਭਾਸ਼ਾਵਾਂ ਦੇ ਲੇਖਕਾਂ ਨੂੰ ਸਾਲ 2019 ਦਾ ਵੱਕਾਰੀ ਸਾਹਿਤ ਅਕਾਦਮੀ ਐਵਾਰਡ ਦੇਣ ਦੇ ਲਈ ਐਲਾਨ ਕੀਤਾ ਹੈ। ਸਾਹਿਤ ਅਕਾਦਮੀ ਦੇ ਸਕੱਤਰ ਕੇ ਸ੍ਰੀਨਿਵਾਸਰਾਓ ਨੇ ਦੱਸਿਆ ਕਿ ਸੱਤ ਕਵਿਤਾ ਸੰਗ੍ਰਹਿ, ਤਿੰਨ ਨਿਬੰਧ ਸੰਗ੍ਰਹਿ, ਇੱਕ ਇੱਕ ਵਾਰਤਕ, ਆਤਮਕਥਾ ਅਤੇ ਜੀਵਨੀ ਸਾਹਿਤ ਲਈ ਅਕਾਦਮੀ ਐਵਾਰਡ ਐਲਾਨੇ ਗਏ ਹਨ।

ਸ੍ਰੀਨਿਵਾਸਰਾਓ ਨੇ ਦੱਸਿਆ ਕਿ ਅਕਾਦਮੀ ਦੇ ਪ੍ਰਧਾਨ ਡਾ ਚੰਦਰ ਸੇਖਰ ਕੰਬਾਰ ਦੀ ਅਗਵਾਈ ਹੇਠ ਬੈਠਕ ਵਿੱਚ ਅੰਤਿਮ ਫੈਸਲਾ ਕੀਤਾ ਗਿਆ। ਨੰਦ ਕਿਸ਼ੋਰ ਨੂੰ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਛੀਲਤੇ ਹੂਏ ਅਪਨੇ ਕੋ' ਲਈ ਇਸ ਇਨਾਮ ਨਾਲ ਸਨਮਾਨਤ ਕੀਤਾ ਜਾਵੇਗਾ। ਸ਼ਸ਼ੀ ਥਰੂਰ ਨੂੰ 'ਐਨ ਈਰਾ ਆਫ ਡਾਰਕਨੈਸ' ਵਾਰਤਕ ਲਈ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ। ਥਰੂਰ ਕਾਂਗਰਸ ਆਗੂ ਅਤੇ ਕੇਰਲਾ ਦੀ ਤਿਰੂਵਨੰਤਪੁਰਮ ਸੀਟ ਤੋਂ ਲੋਕ ਸਭਾ ਮੈਂਬਰ ਹਨ। ਕਿਰਪਾਲ ਕਜ਼ਾਕ ਨੂੰ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਅੰਤਹੀਣ' ਲਈ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਮਰਾਠੀ, ਕੰਨੜ੍ਹ, ਮਣੀਪੁਰੀ, ਤਮਿਲ, ਤੇਲਗੂ, ਮੈਥਿਲੀ, ਸੰਸਕ੍ਰਿਤੀ, ਸੰਥਾਲੀ, ਸਿੰਧੀ ਆਦਿ ਭਾਸ਼ਾਵਾਂ ਵਿੱਚ ਲਿਖੀਆਂ ਲਿਖਤਾਂ ਲਈ ਪੁਰਸਕਾਰ ਦਿੱਤੇ ਜਾਣਗੇ। ਪੁਰਸਕਾਰ ਵਜੋਂ ਯਾਦ ਚਿੰਨ੍ਹ, ਇੱਕ ਲੱਖ ਰੁਪਏ ਅਤੇ ਸ਼ਾਲ ਦਿੱਤੇ ਜਾਣਗੇ। ਪੁਰਸਕਾਰਾਂ ਦੀ ਵੰਡ 25 ਫਰਵਰੀ 2020 ਨੂੰ ਦਿੱਲੀ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਕੀਤੀ ਜਾਵੇਗੀ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887,
ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887,
ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਸੈਕਸੁਅਲ ਅਸਾਟਲ ਦੀ ਸੱਚਾਈ ਪਿੱਛੇ ਖੜ੍ਹਾ ਕੌੜਾ ਸੱਚ

ਅੱਗੇ ਜ਼ਿਕਰ ਕੀਤੀਆਂ ਜਾਣ ਵਾਲੀਆਂ ਦੋਵਾਂ ਘਟਨਾਵਾਂ ਦਾ ਆਪਸ ਵਿੱਚ ਕੋਈ ਸਿੱਧਾ ਤਾਅਲੁੱਕ ਨਹੀਂ ਪਰ ਇਹਨਾਂ ਦੋਵਾਂ ਤੋਂ ਪੈਦਾ ਹੋਇਆ ਸੁਆਲ ਬਰੈਂਪਟਨ ਵੱਸਦੀ ਪੰਜਾਬੀ ਕਮਿਊਨਿਟੀ ਦੇ ਪੱਖ ਤੋਂ ਉੱਠੇ ਇੱਕ ਭੱਖਵੇਂ ਮਸਲੇ ਬਾਰੇ ਸੁਆਲ ਜਰੂਰ ਪੈਦਾ ਕਰਦਾ ਹੈ। ਉਂਟੇਰੀਓ ਵਾਸੀ ਜੋਸ਼ੂਆ ਬੋਇਅਲ (Joshua Boyle) ਵਿਰੁੱਧ ਉਸਦੀ ਪਤਨੀ ਕੈਟਲਨ ਕੋਲਮੈਨ (Caitlan Coleman) ਵੱਲੋਂ ਕੀਤੇ ਸੈਕਸੁਅਲ ਅਸਾਟਲ ਦੇ ਮੁੱਕਦਮੇ ਵਿੱਚ ਕੱਲ ਉਂਟੇਰੀਓ ਕੋਰਟ ਨੇ ਸਾਰੇ ਦੇ ਸਾਰੇ 19 ਦੋਸ਼ਾਂ ਵਿੱਚੋਂ ਜੋਸ਼ੂਆ ਨੂੰ ਬਰੀ ਕਰ ਦਿੱਤਾ ਹੈ। ਬਰੀ ਕਰਨ ਦਾ ਆਧਾਰ ਇਹ ਨਹੀਂ ਕਿ ਜੋਸ਼ੂਆ ਬੇਕਸੂਰ ਹੈ ਕਿਉਂਕਿ ਜੱਜ ਨੇ ਫੈਸਲੇ ਵਿੱਚ ਕਿਹਾ ਹੈ ਕਿ ਉਹ ਜੋਸ਼ੂਆ ਦੀਆਂ ਗੱਲਾਂ ਦਾ ਯਕੀਨ ਨਹੀਂ ਕਰਦਾ। ਜੋਸ਼ੂਆ ਦੋਸ਼ ਮੁਕਤ ਇਸ ਲਈ ਕਰਾਰ ਕੀਤਾ ਗਿਆ ਕਿਉਂਕਿ ਜੱਜ ਨੂੰ ਕੈਟਲਨ ਦੀਆਂ ਗੱਲਾਂ ਉੱਤੇ ਵੀ ਭਰੋਸਾ ਨਹੀਂ ਬਣ ਪਾਇਆ।

ਚੇਤੇ ਰਹੇ ਕਿ ਉਪਰੋਕਤ ਦੰਪਤੀ ਸ਼ੱਕੀ ਹਾਲਾਤਾਂ ਵਿੱਚ ਅਫਗਾਨਸਤਾਨ ਪੁੱਜ ਗਿਆ ਸੀ ਜਿੱਥੇ ਇਹਨਾਂ ਨੂੰ ਅਤਿਵਾਦੀ ਹੱਕਾਨੀ ਗਰੁੱਪ ਨੇ ਅਗਵਾ ਕਰਕੇ ਪੰਜ ਸਾਲ ਆਪਣੇ ਕਬਜ਼ੇ ਵਿੱਚ ਰੱਖਿਆ ਸੀ ਅਤੇ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਨੇ ਇੱਕ ਹੈਰਾਨੀਜਨਕ ਅਪਰੇਸ਼ਨ ਕਰਕੇ ਛੁਡਾਇਆ ਸੀ। ਇਸੇ ਤਰਾਂ ਸੀ.ਬੀ.ਸੀ. ਦੇ ਮਸ਼ਹੂਰ ਰੇਡੀਓ ਹੋਸਟ ਜਿਆਨ ਗੋਮੇਸ਼ੀ ਦਾ ਕੇਸ ਸੀ ਜਿਸ ਵਿੱਚ ਕਈ ਔਰਤਾਂ ਨੇ ਉਸ ਉੱਤੇ ਜੋਰ ਜਬਰੀ ਕਰਨ ਦੇ ਦੋਸ਼ ਲਾਏ ਸਨ। ਅਦਾਲਤ ਨੇ ਗੋਮੇਸ਼ੀ ਇਸ ਲਈ ਦੋਸ਼ ਮੁਕਤ ਕਰ ਦਿੱਤਾ ਸੀ ਕਿਉਂਕਿ ਉਸ ਉੱਤੇ ਸ਼ੱਕ ਹੋਣ ਦੇ ਬਾਵਜੂਦ ਦੋਸ਼ ਲਾਉਣ ਵਾਲੀਆਂ ਔਰਤਾਂ ਦਾ ਪੱਖ ਵੀ ਯਕੀਨ ਕਰਨ ਯੋਗ ਨਹੀਂ ਸੀ। ਇਹ ਦੋਵੇਂ ਕੇਸ ਮਹਿਜ਼ ਮਿਸਾਲ ਲਈ ਦਿੱਤੇ ਗਏ ਹਨ ਪਰ ਪੇਸ਼ ਕੀਤੀ ਗਈ ਸਥਿਤੀ ਕੈਨੇਡਾ ਦੇ ਨਿਆਂ ਸਿਸਟਮ ਦੀ ਨਿਆਂ ਪ੍ਰਦਾਨ ਕਰਨ ਦੀ ਸਮਰੱਥਾ ਉੱਤੇ ਸੁਆਲੀਆ ਚਿੰਨ ਚਿਰਾਂ ਤੋਂ ਲਾਉਂਦੀ ਆ ਰਹੀ ਹੈ।

ਜੇ ਨਿਆਂ ਸਿਸਟਮ ਦੀ ਅਸਮਰੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਹਾਲ ਵਿੱਚ ਬਰੈਂਪਟਨ ਦੇ ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਬਾਰੇ ਉੱਠੇ ਵਿਵਾਦ ਨੂੰ ਵੇਖਿਆ ਜਾਵੇ ਤਾਂ ਸੁਆਲ ਖੜਾ ਹੁੰਦਾ ਹੈ ਕਿ ਇਸ ਕੇਸ ਦੇ ਅਦਾਲਤ ਵਿੱਚ ਚਲੇ ਜਾਣ ਦੀ ਸੂਰਤ ਵਿੱਚ, ਕੀ ਸਾਡਾ ਨਿਆਂ ਸਿਸਟਮ 'ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ' ਕਰਨ ਦੇ ਯੋਗ ਹੋਵੇਗਾ? ਜੇ ਸਾਨੂੰ ਅੱਜ ਨਿਆਂ ਸਿਸਟਮ ਦੀ ਸਮਰੱਥਾ ਉੱਤੇ ਸ਼ੱਕ ਹੈ ਤਾਂ ਅਜਿਹਾ ਕੀ ਹੋਵੇ ਜਿਸ ਨਾਲ ਸਬੰਧਿਤ ਵਿਅਕਤੀਆਂ ਨੂੰ ਇਨਸਾਫ ਮਿਲ ਸਕੇ। ਇਸ ਤਰਕ ਉੱਤੇ ਯਕੀਨ ਕਰਨ ਨੂੰ ਮਨ ਜਰੂਰ ਕਰਦਾ ਹੈ ਕਿ ਮਹਿਜ਼ ਕਿਸੇ ਮਰਦ ਦੇ ਕਿਰਦਾਰ ਨੂੰ ਖਰਾਬ ਕਰਨ ਦੇ ਇਰਾਦੇ ਨਾਲ ਬਹੁਤ ਘੱਟ ਔਰਤਾਂ ਆਪਣੇ ਕਿਰਦਾਰ ਉੱਤੇ ਸੁਆਲੀਆ ਚਿੰਨ ਖੜਾ ਕਰਵਾਉਣ ਨੂੰ ਤਰਜੀਹ ਦੇਣਗੀਆਂ। ਪਰ ਅੱਜ ਦੇ ਸਮਾਜਿਕ ਵਿਘਟਨ ਵਾਲੇ ਜਮਾਨੇ ਵਿੱਚ ਇਸ ਸੰਭਾਵਨਾ ਨੂੰ ਰੱਦ ਵੀ ਨਹੀਂ ਕੀਤਾ ਜਾ ਸਕਦਾ। ਸੁਆਲ ਇਹ ਵੀ ਹੈ ਕਿ ਜੇ ਤੁਰਕੀ ਵਿੱਚ ਹੋਈ ਵਾਰਦਾਤ ਬਾਰੇ ਸ਼ਿਕਾਇਤ ਕਰਨ ਵਾਲੀ ਔਰਤ ਦੇ ਦੋਸ਼ ਮਹਿਜ਼ ਗੁਰਪ੍ਰੀਤ ਢਿੱਲੋਂ ਨੂੰ ਬਦਨਾਮ ਕਰਨ ਦੀ ਨੀਤ ਨਾਲ ਕੀਤੇ ਗਏ ਹਨ ਤਾਂ ਕੀ ਕੱਲ ਨੂੰ ਗੁਰਪ੍ਰੀਤ ਦੇ ਦੋਸ਼ ਮੁਕਤ ਹੋ ਜਾਣ ਦੇ ਬਾਵਜੂਦ ਉਸ ਵੱਲੋਂ ਹੰਢਾਏ ਗਏ ਆਰਥਕ, ਮਾਨਕਿਸ ਅਤੇ ਸਮਾਜਕ ਨੁਕਸਾਨ ਦੀ ਕਦੇ ਭਰਪਾਈ ਹੋ ਸਕੇਗੀ?

ਹੁਣ ਕੁੱਝ ਅੰਕੜੇ ਜੋ ਇਸ ਮੁੱਦੇ ਉੱਤੇ ਸੋਚ ਨੂੰ ਤਿੱਖਾ ਕਰਨ ਲਈ ਜਰੂਰੀ ਹਨ। ਕੈਨੇਡਾ ਦੇ ਅੰਕੜਾ ਵਿਭਾਗ ਮੁਤਾਬਕ ਸੈਕਸੁਆਲ ਅਸਾਟਲ ਦਾ ਸ਼ਿਕਾਰ ਹੋਈਆਂ 83%ਔਰਤਾਂ ਖੁਦ ਨਾਲ ਹੋਏ ਧੱਕੇ ਬਾਰੇ ਪੁਲੀਸ ਕੋਲ ਸ਼ਿਕਾਇਤ ਨਹੀਂ ਕਰਦੀਆਂ ਕਿਉਂਕਿ ਉਹਨਾਂ ਨੂੰ ਖੁਦ ਦੀ ਬਦਨਾਮੀ, ਬੱਚਿਆਂ ਦੇ ਭੱਵਿਖ, ਪਰਿਵਾਰ ਦੇ ਸਨਮਾਨ, ਦੋਸ਼ੀ ਵਿਅਕਤੀ ਦੇ ਤਾਕਤਵਰ ਹੋਣ ਦਾ ਡਰ, ਪੁਲੀਸ ਅਤੇ ਅਦਾਲਤਾਂ ਕੋਲੋਂ ਇਨਸਾਫ ਨਾ ਮਿਲਣ ਬਾਰੇ ਬੇਯਕੀਨੀ ਵਰਗੇ ਕਾਰਣਾਂ ਦਾ ਸੰਤਾਪ ਦਾ ਸਾਹਮਣਾ ਕਰਨਾ ਅਸੰਭਵ ਜਾਪਦਾ ਹੈ। 2017 ਵਿੱਚ ਕੈਨੇਡਾ ਵਿੱਚ ਕੁੱਲ 24, 672 ਸੈਕਸੁਅਲ ਅਸਾਲਟ ਦੀਆਂ ਵਾਰਦਾਤਾਂ ਪੁਲੀਸ ਕੋਲ ਰਿਪੋਰਟ ਕੀਤੀਆਂ ਗਈਆਂ। ਜੇ ਅੰਕੜਾ ਵਿਭਾਗ ਦੀ ਗੱਲ ਨੂੰ ਮੰਨੀਏ ਤਾਂ ਕਿਹਾ ਜਾ ਸਕਦਾ ਹੈ ਕਿ ਉਸ ਸਾਲ ਕੈਨੇਡਾ ਵਿੱਚ ਸੈਕਸੁਆਲ ਅਸਾਲਟ ਦੀਆਂ ਕੁੱਲ 1 ਲੱਖ 20 ਹਜ਼ਾਰ 457 ਵਾਰਦਾਤਾਂ ਹੋਈਆਂ ਹੋਣਗੀਆਂ ਕਿਉਂਕਿ 83% ਤਾਂ ਰਿਪੋਰਟ ਹੀ ਨਹੀਂ ਕੀਤੀਆਂ ਜਾਂਦੀਆਂ। ਜਦੋਂ ਜਸਟਿਸ ਵਿਭਾਗ ਦੇ ਅੰਕੜਿਆਂ ਮੁਤਾਬਕ ਰਿਪੋਰਟ ਹੋਏ ਕੇਸਾਂ ਵਿੱਚੋਂ 58% ਬਿਨਾ ਕਿਸੇ ਮੁਸ਼ਕਲ ਤੋਂ ਬਰੀ ਹੋ ਜਾਂਦੇ ਹਨ ਤਾਂ ਕਿੰਨੇ ਕੁ ਪੀੜਤ ਜਨਤਕ ਹੋਣ ਦੀ ਹਿੰਮਤ ਕਰਨਗੇ। ਚੇਤੇ ਰਹੇ ਕਿ ਸੈਕਸੁਅਲ ਅਸਾਟਲ ਪੀੜਤ ਸਦਾ ਹੀ ਔਰਤਾਂ ਨਹੀਂ ਹੁੰਦੀਆਂ ਸਗੋਂ ਮਰਦ ਵੀ ਹੁੰਦੇ ਹਨ ਪਰ ਵੱਡੀ ਤਾਦਾਦ ਔਰਤਾਂ ਦੀ ਹੁੰਦੀ ਹੈ।

ਇਸ ਦ੍ਰਿਸ਼ਟੀਕੋਣ ਤੋਂ ਗੁਰਪ੍ਰੀਤ ਢਿੱਲੋਂ ਦਾ ਕੇਸ ਇੱਕ ਕਿਸਮ ਨਾਲ ਦੋ ਧਾਰੀ ਤਲਵਾਰ ਵਰਗਾ ਹੈ। ਜੇ ਕਿਸੇ ਸਮੇਂ ਉੱਤੇ ਜਾ ਕੇ ਗੁਰਪ੍ਰੀਤ ਢਿੱਲੋਂ ਉੱਤੇ ਲੱਗੇ ਦੋਸ਼ ਨਿਰਮੂਲ ਸਾਬਤ ਹੋ ਜਾਂਦੇ ਹਨ ਤਾਂ ਸੈਕਸੁਅਲ ਅਸਾਲਟ ਬਾਰੇ ਉੱਠੇ ਸੁਆਲ ਅਤੇ ਸ਼ੰਕੇ ਜਿਉਂ ਦੇ ਤਿਉਂ ਖੜੇ ਰਹਿਣਗੇ। ਇਹ ਸੁਭਾਵਿਕ ਹੈ ਕਿ ਕੋਈ ਵੀ ਸਹੀ ਦਿਲ-ਦਿਮਾਗ ਵਾਲਾ ਵਿਅਕਤੀ ਕਿਸੇ ਔਰਤ ਦੇ ਸਨਮਾਨ ਨਾਲ ਖਿਲਵਾੜ ਕਰਨ ਕਦੇ ਵੀ ਸਹੀ ਕਰਾਰ ਨਹੀਂ ਦੇਵੇਗਾ, ਪਰ ਇਹ ਵੀ ਸੁਭਾਵਿਕ ਹੈ ਕਿ ਕੋਈ ਨਿਆਂ ਪਸੰਦ ਵਿਅਕਤੀ ਕਿਸੇ ਨਿਰਦੋਸ਼ ਨੂੰ ਦੋਸ਼ੀ ਬਣ ਕੇ ਜੀਵਨ ਹੰਢਾਉਂਦੇ ਵੀ ਨਹੀਂ ਵੇਖਣਾ ਚਾਹੇਗਾ। ਇਹ ਦਿੱਕਤ ਆਮ ਆਦਮੀ ਦੀ ਵੀ ਹੈ ਅਤੇ ਸਾਡੇ ਨਿਆਂ ਸਿਸਟਮ ਦੀ ਵੀ।

## ਕਿਸੇ ਦਾ ਸ਼ਿਕਾਰ ਕਰਨ ਦੀ ਭਾਲ ਕਰ ਰਹੇ ਮਸ਼ਕੂਕ ਨੇ ਟੋਰਾਂਟੋ ਯੂਨੀਵਰਸਿਟੀ ਦੇ ਵਿਦਿਆਰਥੀ ਦੀ ਲਈ ਜਾਨ

...ਪੰਨਾ 1 ਦਾ ਬਾਕੀ



ਫਿੰਚ ਐਵਨਿਊ ਐਂਡ ਲੈਜ਼ਲੀ ਸਟਰੀਟ ਨੇੜੇ ਹਾਊਸਿੰਗ ਕਾਂਪਲੈਕਸ ਦੇ ਪਾਰਕਿੰਗ ਲੌਟ ਵਿੱਚ ਗੋਲੀ ਮਾਰੀ ਗਈ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਵੀਰਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਪੁਲਿਸ ਨੇ ਆਖਿਆ ਕਿ ਓਨਟਾਰੀਓ ਦੇ ਕਾਲਜ ਆਫ ਆਰਟ ਐਂਡ ਡਿਜ਼ਾਈਨ ਯੂਨੀਵਰਸਿਟੀ ਦੇ ਵਿਦਿਆਰਥੀ ਦੇ ਕਤਲ ਤੋਂ ਬਾਅਦ ਜਾਂਚਕਾਰਾਂ ਨੇ ਕਈ ਚਸ਼ਮਦੀਦਾਂ ਤੋਂ ਪੁੱਛਗਿੱਛ ਕਰਨ ਦੇ ਨਾਲ ਨਾਲ ਕਈ ਸਰਵੇਲੈਂਸ ਵੀ ਵੀਡੀਓ ਵੀ ਵੇਖੇ।

ਸਾਰਜੈਂਟ ਟੈਰੀ ਬ੍ਰਾਊਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਘਟਨਾ ਵਾਲੀ ਰਾਤ 8:01 ਵਜੇ ਦੋ ਨਕਾਬਪੋਸ਼ ਮਸ਼ਕੂਕਾਂ ਨੂੰ ਇੱਕ ਹਾਊਸਿੰਗ ਕਾਂਪਲੈਕਸ ਦੇ ਅੰਦਰ ਛੇ ਮਿੰਟਾਂ ਤੱਕ ਝਾਤੀਆਂ ਮਾਰਦਿਆਂ ਵੇਖਿਆ ਗਿਆ। ਉਹ ਕਿਸੇ ਖਾਸ ਵਿਅਕਤੀ ਦੀ ਭਾਲ ਕਰ ਰਹੇ ਲੱਗਦੇ ਸੀ ਜਾਂ ਫਿਰ ਜੋ ਕੋਈ ਵੀ ਉਨ੍ਹਾਂ ਦੇ ਰਾਹ ਵਿੱਚ ਆ ਜਾਂਦਾ। ਪੁਲਿਸ ਨੇ ਦੱਸਿਆ ਕਿ ਇੱਕ ਸਰਵੇਲੈਂਸ ਵੀਡੀਓ ਵਿੱਚ 8:07 ਵਜੇ ਦੇ ਨੇੜੇ ਤੇੜੇ ਉਰਬੀਨਾ ਕੂੜਾ ਸੁੱਟਣ ਲਈ ਆਪਣੀ ਬਿਲਡਿੰਗ ਤੋਂ ਬਾਹਰ ਆਉਂਦਾ ਨਜ਼ਰ ਆਇਆ। ਠੰਢੇ ਮੌਸਮ ਕਾਰਨ ਉਸ ਨੇ ਕਈ ਕੱਪੜੇ ਪਾਏ ਹੋਏ ਸਨ।

ਬ੍ਰਾਊਨੇ ਨੇ ਦੱਸਿਆ ਕਿ ਦੋਵਾਂ ਮਸ਼ਕੂਕਾਂ ਨੇ ਉਰਬੀਨਾ ਨੂੰ ਕੂੜਾ ਸੁੱਟ ਕੇ ਵਾਪਿਸ ਮੁੜਦਿਆਂ ਵੇਖਿਆ ਤੇ ਦੋਵਾਂ ਵਿੱਚੋਂ ਇੱਕ ਉਸ ਦੇ ਪਿੱਛੇ ਗਿਆ ਤੇ ਬਿਨਾਂ ਕਿਸੇ ਗੱਲਬਾਤ ਦੇ ਉਸ ਉੱਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਬ੍ਰਾਊਨੇ ਨੇ ਆਖਿਆ ਕਿ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਮਸ਼ਕੂਕ ਉਰਬੀਨਾ ਨੂੰ ਨਿਜੀ ਤੌਰ ਉੱਤੇ ਨਹੀਂ ਸਨ ਜਾਣਦੇ। ਜਾਂਚ ਤੋਂ ਬਾਅਦ ਸਾਨੂੰ ਇਹ ਲੱਗਦਾ ਹੈ ਕਿ ਦੋਵੇਂ ਮਸ਼ਕੂਕ ਸੰਭਾਵੀ ਤੌਰ ਉੱਤੇ ਕਿਸੇ ਵਿਅਕਤੀ ਦੀ ਭਾਲ ਕਰਦੇ ਹੋ ਸਕਦੇ ਹਨ ਪਰ ਉਸ ਤੋਂ ਵੀ ਵੱਧ ਖਤਰਨਾਕ ਗੱਲ ਇਹ ਹੈ ਕਿ ਉਹ ਕਿਸੇ ਵੀ ਸ਼ਖਸ ਦਾ ਸ਼ਿਕਾਰ ਕਰਨ ਲਈ ਬੈਠੇ ਸਨ।

ਪੁਲਿਸ ਨੂੰ 8:08 ਵਜੇ ਕਾਲ ਕੀਤਾ ਗਿਆ। ਉੱਥੇ ਪਹੁੰਚਣ ਉੱਤੇ ਪੁਲਿਸ ਨੇ ਪਾਇਆ ਕਿ ਉਰਬੀਨਾ ਦੇ ਦੋ ਗੋਲੀਆਂ ਲੱਗੀਆਂ ਹਨ। ਤਿੰਨ ਭਰਾਵਾਂ ਵਿੱਚੋਂ ਉਰਬੀਨਾ ਸਾਰਿਆਂ ਤੋਂ ਛੋਟਾ ਸੀ। ਉਹ ਯੂਨੀਵਰਸਿਟੀ ਵਿੱਚ ਸੈਕਿੰਡ ਯੀਅਰ ਮੀਡੀਆ ਸਟੂਡੈਂਟ ਸੀ। ਉਸ ਦੇ ਪਰਿਵਾਰ ਨੇ ਦੱਸਿਆ ਕਿ ਉਸ ਨੂੰ ਆਰਟਸ ਤੇ ਥਿਏਟਰ ਬਹੁਤ ਪਸੰਦ ਸੀ। ਵੀਰਵਾਰ ਨੂੰ ਪੁਲਿਸ ਨੇ ਮਸ਼ਕੂਕਾਂ ਦੀਆਂ ਦੋ ਸਰਵੇਲੈਂਸ ਕੈਮਰਾ ਤਸਵੀਰਾਂ ਜਾਰੀ ਕੀਤੀਆਂ ਹਨ। ਜਿਸ ਵਿੱਚ ਇੱਕ ਵਿਅਕਤੀ ਨੇ ਹੁੱਡ ਤੇ ਗੁਲਾਬੀ ਰੰਗ ਦਾ ਮਾਸਕ ਪਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇੱਕ ਮਸ਼ਕੂਕ ਨੇ ਸਿਆਹ ਰੰਗ ਦੀ ਹੁੱਡ ਵਾਲੀ ਸਵੈੱਟਸ਼ਰਟ ਤੇ ਕਾਲੇ ਰੰਗ ਦੀ ਹੀ ਪੈਂਟ ਪਾਈ ਹੋਈ ਸੀ ਅਤੇ ਦੂਜੇ ਮਸ਼ਕੂਕ ਨੇ ਸਾਰੇ ਸਿਆਹ ਰੰਗ ਦੇ ਕੱਪੜੇ ਪਾਏ ਹੋਏ ਸਨ।

## ਨਿਊਜ਼ੀਲੈਂਡ ਦੀ ਅੰਡਰ-19 ਟੀਮ 'ਚ ਭਾਰਤੀ ਗੱਭਰੂ ਅਦਿਥਿਆ ਅਸ਼ੋਕ ਦੀ ਚੋਣ, ਖੇਡੇਗਾ ਵਿਸ਼ਵ ਕੱਪ

ਔਕਲੈਂਡ, 19 ਦਸੰਬਰ (ਹਰਜਿੰਦਰ ਸਿੰਘ ਬਸਿਆਲਾ)-ਕ੍ਰਿਕਟ ਪ੍ਰਤੀ ਭਾਰਤੀ ਨੌਜਵਾਨਾਂ ਦਾ ਪਿਆਰ ਅੰਤਾਂ ਦਾ ਹੈ। ਭਾਰਤ ਸਮੇਤ ਵਿਦੇਸ਼ਾਂ ਦੇ ਵਿਚ ਵੀ ਭਾਰਤੀ ਮੂਲ ਦੇ ਨੌਜਵਾਨ ਆਪਣੀ ਮਿਹਨਤ ਦੇ ਸਹਾਰੇ ਵੱਡੇ-ਵੱਡੇ ਖੇਡ ਕਲੱਬਾਂ ਦੇ ਵਿਚ ਆਪਣੀ ਥਾਂ ਬਨਾਉਣ ਦੇ ਕਾਬਿਲ ਹੋ ਜਾਂਦੇ ਹਨ। ਕਿਸੇ ਦੂਸਰੇ ਦੇਸ਼ ਦੇ ਵਿਚ ਆਪਣੀ ਖੇਡ ਦੇ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨਾ ਅਤੇ ਫਿਰ ਦੇਸ਼ ਦੀ ਰਾਸ਼ਟਰੀ ਟੀਮ ਦੇ ਲਈ ਚੁਣੇ ਜਾਣਾ ਸੱਚਮੁੱਚ ਵੱਡੀ ਗੱਲ ਹੈ ਤੇ ਭਾਰਤੀ ਫ਼ਖਰ ਮਹਿਸੂਸ ਕਰ ਸਕਦੇ ਹਨ। ਨਿਊਜ਼ੀਲੈਂਡ ਵਸਦੇ ਸਮੁੱਚੇ ਭਾਰਤੀ ਭਾਈਚਾਰੇ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਹੁਣ ਇਕ 17 ਸਾਲਾ ਭਾਰਤੀ ਨੌਜਵਾਨ ਅਦਿਥਿਆ ਅਸ਼ੋਕ ਜੋ ਕਿ 4 ਸਾਲ ਦੀ ਉਮਰ ਵਿਚ ਤਾਮਿਲਨਾਡੂ ਤੋਂ ਇਥੇ ਆਪਣੇ ਪਰਿਵਾਰ ਨਾਲ ਆਇਆ ਸੀ, ਨਿਊਜ਼ੀਲੈਂਡ ਦੀ ਅੰਡਰ-19 ਟੀਮ ਦੇ ਲਈ ਚੁਣਿਆ ਗਿਆ ਹੈ। ਇਹ ਨੌਜਵਾਨ ਅੰਡਰ-19 ਵਿਸ਼ਵ ਕੱਪ ਦੇ ਵਿਚ ਕ੍ਰਿਕਟ ਮੈਚ ਖੇਡੇਗਾ। ਇਹ ਵਿਸ਼ਵ ਕੱਪ 17 ਜਨਵਰੀ 2020 ਤੋਂ 9 ਫਰਵਰੀ ਤੱਕ ਸਾਊਥ ਅਫਰੀਕਾ ਦੇ ਵਿਚ ਕਰਵਾਇਆ ਜਾ ਰਿਹਾ ਹੈ। 18 ਜਨਵਰੀ ਨੂੰ ਇਹ ਨੌਜਵਾਨ ਪਹਿਲਾ ਮੈਚ ਜਾਪਾਨ ਦੇ ਵਿਰੁੱਧ ਖੇਡੇਗਾ। ਅਦਿਥਿਆ ਅਸ਼ੋਕ ਤੇਜ ਬਾਊਲਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਅਤੇ ਤੇਜ ਰਫਤਾਰ ਨਾਲ ਵਿਕਟਾਂ ਲੈਣ ਦੇ ਵਿਚ ਕਾਫੀ ਮੁਹਾਰਿਤ ਹਾਸਿਲ ਰੱਖਦਾ ਹੈ। ਅਦਿਥਿਆ ਨੂੰ ਬੰਗਲਾਦੇਸ਼ ਦੇ ਨਾਲ ਇਕ ਮੈਚ ਲਈ ਪਹਿਲਾਂ ਵੀ ਇਸੇ ਸਾਲ ਦੇ ਸ਼ੁਰੂ ਵਿਚ ਅੰਡਰ-19 ਦੇ ਲਈ ਚੁਣਿਆ ਗਿਆ ਸੀ। ਅਦਿਥਿਆ ਇਸ ਤੋਂ ਪਹਿਲਾਂ 2017 ਦੇ ਵਿਚ ਪ੍ਰੀਮੀਅਰ ਬੁਆਇਜ਼ ਬਾਊਲਰ ਆਫ ਦੀ ਯੀਅਰ (14 ਵਿਕਟਾਂ), ਬੈਸਟ ਬਾਊਲਰ ਫਸਟ 11 ਕ੍ਰਿਕਟ, 2017-18 ਵਾਈਟ ਕ੍ਰਾਸਟ ਡਿਸਟ੍ਰਿਕਟ ਟੂਰਨਾਮੈਂਟ ਦੇ ਵਿਚ ਬਾਊਲਰ ਆਫ ਦਾ ਟੂਰਨਾਮੈਂਟ (16 ਵਿਕਟਾਂ), ਜੇਨਰ ਸਕੌਟ ਪ੍ਰਾਈਜ ਫਾਰ ਬੈਸਟ ਆਲ ਰਾਊਂਡਰ ਇਕ ਫਸਟ-11 ਕ੍ਰਿਕਟ, 2018-19 ਵਿਚ ਦੁਬਾਰਾ ਵਾਈਟ ਕ੍ਰਾਸ ਡਿਸਟ੍ਰਿਕਟ ਟੂਰਨਾਮੈਂਟ ਦੇ ਵਿਚ ਬਾਊਲਰ ਆਫ ਦਾ ਟੂਰਨਾਮੈਂਟ (12 ਵਿਕਟਾਂ), 2019 ਦੇ ਵਿਚ ਅੰਡਰ 17 ਨੈਸ਼ਨਲ ਟੂਰਨਾਮੈਂਟ ਬਾਊਲਰ ਆਫ ਦਾ ਯੀਅਰ (17 ਵਿਕਟਾਂ), 2019 ਦੇ ਵਿਚ ਕੈਪਟਨ ਆਫ ਮੈਗਜ਼ ਫਸਟ-11 ਕ੍ਰਿਕਟ, ਇੰਡੀਅਨ ਨਿਊਜ਼ ਲਿੰਕ ਸਪੋਰਟਸ ਐਵਾਰਡ ਫਾਰ ਅੰਡਰ-19 ਕ੍ਰਿਕਟਰ ਆਫ ਦਾ ਯੀਅਰ, ਨਿਊਜ਼ੀਲੈਂਡ ਟੂਰ ਬੰਗਲਾਦੇਸ਼, ਅਸਟਰੇਲੀਆ ਅਤੇ ਅੰਡਰ-19 ਰਾਸ਼ਟਰੀ ਟੂਰਨਾਮੈਂਟ ਦੇ ਵਿਚ ਸਭ ਤੋਂ ਜਿਆਦਾ ਵਿਕਟਾਂ (12) ਲੈਣ ਵਾਲਾ ਦੂਜਾ ਕ੍ਰਿਕਟਰ ਹੈ।



## ਪੰਜਾਬੀ ਲੋਕ ਨਾਚਾਂ ਨਾਲ ਸਾਂਝ ਪਾਉਣ ਵਾਲਿਆਂ ਬੱਚਿਆਂ ਨੂੰ 'ਵਿਰਸਾ ਅਕੈਡਮੀ' ਵੱਲੋਂ ਸਰਟੀਫਿਕੇਟ ਤਕਸੀਮ



ਔਕਲੈਂਡ 19 ਦਸੰਬਰ (ਹਰਜਿੰਦਰ ਸਿੰਘ ਬਸਿਆਲਾ)- ਬੀਤੇ ਦਿਨੀਂ 'ਵਿਰਸਾ ਅਕਡੈਮੀ' ਨਿਊਜ਼ੀਲੈਂਡ ਬੀਤੇ ਕਈ ਸਾਲਾਂ ਤੋਂ ਇਥੇ ਦੇ ਜੰਮਪਲ ਬੱਚਿਆਂ ਅਤੇ ਵਤਨੋਂ ਆ ਰਹੇ ਬੱਚਿਆਂ ਨੂੰ ਸਭਿਆਚਾਰ ਦੀ ਸਿਖਿਆ ਨਾਲ ਸਾਂਝ ਪੁਆ ਰਹੀ ਹੈ। ਅਜਿਹੇ ਉਦਮ ਛੋਟੇ ਬੱਚਿਆਂ ਦੇ ਦਿਲਾਂ ਅੰਦਰ ਪੰਜਾਬੀ ਲੋਕ ਨਾਚਾਂ ਦੀ ਮਹੱਤਤਾ ਨੂੰ ਬਰਕਰਾਰ ਰੱਖਣ ਵਿਚ ਸਹਿਯੋਗ ਵੀ ਕਰਦੇ ਹਨ। ਬੱਚਿਆਂ ਨੂੰ ਹਰ ਸਾਲ ਕਿਸੇ ਇਕ ਖੇਡ ਪਾਰਕ ਦੇ ਵਿਚ ਪਿਕਨਕ ਵਰਗਾ ਮਾਹੌਲ ਸਿਰਜ ਕੇ ਸਰਟੀਫਿਕੇਟਾਂ ਦੇ ਨਾਲ ਨਿਵਾਜਿਆ ਜਾਂਦਾ ਹੈ। ਅੱਜ ਵਿਰਸਾ ਅਕੈਡਮੀ ਤੋਂ ਲੱਕੀ ਸੈਣੀ, ਰੇਡੀਓ ਸਪਾਈਸ ਤੋਂ ਨਵਤੇਜ ਰੰਧਾਵਾ, ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਰੇਡੀਓ ਨੱਚਦਾ ਪੰਜਾਬ ਤੋਂ ਅਮਰੀਕ ਸਿੰਘ ਜਗੈਤ ਨੇ ਟੋਟਾਰਾ ਪਾਰਕ ਦੇ ਵਿਚ ਪਿਕਨਿਕ ਦਾ ਮਾਹੌਲ ਸਿਰਜਿਆ। ਇਥੇ ਪੁੱਜੇ ਬੱਚਿਆਂ ਨੇ ਜਿੱਥੇ ਖੇਡਾਂ ਨਾਲ ਆਪਣਾ ਮਨਰੋਜਨ ਕੀਤਾ ਉਥੇ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਸਾਂਝ ਬਣਾਈ ਰੱਖਣ ਦੇ ਲਈ ਪ੍ਰਸੰਸ਼ਾ ਪੱਤਰ ਵੀ ਦਿੱਤੇ ਗਏ। ਲੰਬੇ ਸਮੇਂ ਤੋਂ ਵਿਰਸਾ ਅਕੈਡਮੀ ਨਾਲ ਜੁੜੇ ਕੁਝ ਬੱਚਿਆਂ ਨੂੰ ਅਗਲੇ ਲੈਵਲ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਬੱਚਿਆਂ ਦੇ ਮਾਪੇ ਵੀ ਇਸ ਮੌਕੇ ਪਹੁੰਚੇ ਹੋਏ ਸਨ। ਇਕ ਨੌਜਵਾਨ ਅੰਮ੍ਰਿਤ ਜਗੈਤ ਦਾ ਇਥੇ ਅੱਜ ਜਨਮ ਦਿਵਸ ਵੀ ਮਨਾਇਆ ਗਿਆ। ਸਰਟੀਫਿਕੇਟਾਂ ਦੀ ਵੰਡ ਸ. ਸਰਵਣ ਸਿੰਘ, ਮਾਤਾ ਅਜੀਤ ਕੌਰ, ਸ. ਅਵਤਾਰ ਸਿੰਘ ਪੁੱਕੀਕੁਈ, ਸ. ਜਗਦੀਪ ਸਿੰਘ ਜੋਸਨ, ਨਵਤੇਜ ਰੰਧਾਵਾ, ਰਾਜ ਰੰਧਾਵਾ, ਮੰਦੀਪ ਕੌਰ, ਰੀਨਾ ਸਿੰਘ, ਹਰਪਾਲ ਕੌਰ ਪਾਲੀ, ਹਰਵਿੰਦਰ ਗਰਚਾ, ਬਲਜਿੰਦਰ ਰੰਧਾਵਾ ਅਤੇ ਹੋਰ ਉਥੇ ਪਹੁੰਚੇ ਪਤਵੰਤਿਆਂ ਨੇ ਕੀਤੀ। ਇਸ ਤੋਂ ਇਲਾਵਾ ਇਥੇ ਪੁੱਜੇ ਉਨ੍ਹਾਂ ਬੱਚਿਆਂ ਜਿਨ੍ਹਾਂ ਨੇ ਪਹਿਲੀਆਂ ਸਿੱਖ ਖੇਡਾਂ ਦੇ ਵਿਚ ਭਾਗ ਲਿਆ ਸੀ, ਨੂੰ ਵੀ ਸ. ਦਲਜੀਤ ਸਿੰਘ ਸਿੱਧੂ ਅਤੇ ਸ. ਤਾਰਾ ਸਿੰਘ ਦੀ ਤਰਫ ਤੋਂ ਸਨਮਾਨ ਪੱਤਰ ਦਿੱਤੇ ਗਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.
























# ਭਗਤ ਸਿੰਘ ਦੀ ਸ਼ਹਾਦਤ ਤੇ ਆਜ਼ਾਦ ਭਾਰਤ

-ਦਲਬੀਰ ਸਿੰਘ ਧਾਲੀਵਾਲ




ਭਾਰਤ ਵਾਸੀਆਂ ਨੂੰ ਇਸ ਗੱਲ ਦਾ ਬਹੁਤ ਫਖ਼ਰ ਹੋਣਾ ਚਾਹੀਦਾ ਕਿ ਸਾਡੇ ਦੇਸ਼ ਵਿੱਚ ਭਗਤ ਸਿੰਘ ਵਰਗੇ ਮਹਾਨ ਆਜ਼ਾਦੀ ਪ੍ਰਵਾਨੇ ਪੈਦਾ ਹੋਏ, ਜਿਨ੍ਹਾਂ ਨੇ ਆਪਣੀਆਂ ਜੁਆਨੀਆਂ ਅਤੇ ਸਾਰੀਆਂ ਖ਼ੁਸ਼ੀਆਂ ਫਾਂਸੀ ਤਖ਼ਤਿਆਂ ਦੇ ਲੇਖੇ ਲਾ ਕੇ ਭਾਰਤ ਨੂੰ ਗ਼ੁਲਾਮੀ ਦੇ ਕੋਹੜ ਤੋਂ ਮੁਕਤ ਕਰਾਇਆ। ਭਗਤ ਸਿੰਘ ਹੁਰਾਂ ਦੀਆਂ ਸ਼ਹਾਦਤਾਂ ਬਦਲੇ ਮਿਲੀ ਆਜ਼ਾਦੀ ਉਪਰੰਤ ਭਾਰਤ ਦੋ ਦੇਸ਼ਾਂ ਹਿੱਸਿਆਂ ਵਿੱਚ ਵੰਡਿਆ ਗਿਆ, ਜਦੋਂ ਕਿ ਇਹ ਆਜ਼ਾਦੀ ਪ੍ਰਵਾਨੇ ਅਜਿਹੀ ਵੰਡ ਨਹੀਂ ਸਨ ਚਾਹੁੰਦੇ। ਉਨ੍ਹਾਂ ਦੀਆਂ ਸ਼ਹਾਦਤਾਂ ਤਾਂ ਭਾਰਤ ਦੇ ਸਮੁੱਚੇ ਲੋਕਾਂ ਲਈ ਸਨ, ਨਾ ਕਿ ਕਿਸੇ ਖ਼ਾਸ ਫ਼ਿਰਕੇ, ਜਾਤ ਜਾਂ ਧਰਮ ਲਈ। ਭਗਤ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਸੂਬਾ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿ-ਸਤਾਨ) ਦੇ ਪਿੰਡ ਬੰਗਾ ਵਿੱਚ ਦੇਸ਼ ਭਗਤ ਪਰਿਵਾਰ ਵਿੱਚ ਮਾਤਾ ਵਿਦਿਆਵਤੀ ਤੇ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ। ਇਹ ਪਰਿਵਾਰ ਦੇਸ਼ ਵੰਡ ਤੋਂ ਪਿੱਛੋਂ ਸਾਡੇ ਦੇਸ਼ ਦੇ ਮੌਜੂਦਾ ਸੂਬਾ ਪੰਜਾਬ ਦੇ ਪਿੰਡ ਖਟਕੜ ਕਲਾਂ (ਮੌਜੂਦਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਵੱਸ ਗਿਆ।

ਭਗਤ ਸਿੰਘ ਸ਼ਹੀਦ ਤਾਂ ਦੋਵਾਂ ਦੇਸ਼ਾਂ ਦਾ ਸਾਂਝਾ ਸੀ, ਪਰ ਸਿਆਸੀ ਤੇ ਫ਼ਿਰਕੂ ਭਾਵਨਾਵਾਂ ਕਰਕੇ ਪਾਕਿਤਸਾਨ ਵਿੱਚ ਲਾਹੌਰ ਦੇ ਕੇਂਦਰੀ ਹਿੱਸੇ ਵਿੱਚ ਸਥਿਤ ਸ਼ਾਦਮਾਨ ਚੌਕ, ਜਿੱਥੇ ਪਹਿਲਾਂ ਜੇਲ੍ਹ ਹੁੰਦੀ ਸੀ ਅਤੇ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ, ਦਾ ਨਾਮ ਸ਼ਹੀਦ ਭਗਤ ਸਿੰਘ ਚੌਕ ਰੱਖਣ ਤੇ ਉੱਥੇ ਭਗਤ ਸਿੰਘ ਦਾ ਬੁੱਤ ਲਾਉਣ ਲਈ ਉਥੋਂ ਦੇ ਹੁਕਮਰਾਨਾਂ ਵੱਲੋਂ ਨਾਂਹ-ਨੁਕਰ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਦੀ ਦੂਸਰੀ ਮਿਸਾਲ ਸਾਡੇ ਆਪਣੇ ਆਜ਼ਾਦ ਭਾਰਤ ਦੀ ਹੈ। ਸ਼ਹੀਦ ਭਗਤ ਸਿੰਘ ਦਾ ਪਰਿਵਾਰਕ ਸਬੰਧ ਪੰਜਾਬ ਨਾਲ ਹੋਣ ਕਰਕੇ ਪੰਜਾਬੀ ਮੰਨਦੇ ਹੋਏ ਹਰਿਆਣਾ ਦੇ ਲੀਡਰ ਵੀ ਉਸ ਨੂੰ ਸਾਂਝਾ ਸ਼ਹੀਦ ਨਾ ਮੰਨਣ ਵਾਲੀ ਭਾਵਨਾ ਆਪਣੇ ਦਿਲਾਂ ਵਿੱਚ ਰੱਖੀ ਫਿਰਦੇ ਹਨ।

ਖ਼ੈਰ ਸਾਡੇ ਦੇਸ਼ ਵਿੱਚ ਕਈ ਵਿਅਕਤੀ ਅਜਿਹੇ ਵੀ ਹੋਏ ਹਨ, ਜੋ ਭਗਤ ਸਿੰਘ ਦੀ ਵਿਚਾਰਧਾਰਾ ਦੇ ਦੀਵਾਨੇ ਰਹੇ ਹਨ। ਉਨ੍ਹਾਂ ਦਾ ਨਾਂ ਅੱਜ ਵੀ ਭਾਰਤੀ ਇਤਿਹਾਸ ਵਿੱਚ ਵਿਸ਼ੇਸ਼ ਤੌਰ ਉੱਤੇ ਜਾਣਿਆ ਜਾਂਦਾ ਹੈ, ਚਾਹੇ ਇਹ ਵਿਅਕਤੀ ਕਿਸੇ ਵੀ ਧਰਮ ਜਾਂ ਰੁਤਬੇ ਨਾਲ ਸਬੰਧ ਰੱਖਦੇ ਸਨ। ਮਿਸਾਲ ਵਜੋਂ ਅੰਗ੍ਰੇਜ਼ ਸਰਕਾਰ ਦੀਆਂ ਖ਼ੁਫ਼ੀਆ ਫਾਇਲਾਂ ਵਿੱਚ ਦਰਜ ਵਿਸ਼ੇਸ਼ ਜਾਣਕਾਰੀ, ਜੋ ਪੰਜਾਬ ਦੇ ਇੱਕ ਸੀਨੀਅਰ ਆਈ ਏ ਐਸ ਅਧਿਕਾਰੀ ਤੋਂ ਮਿਲੀ ਸੀ, ਅਨੁਸਾਰ ਭਗਤ ਸਿੰਘ ਅਤੇ ਸਾਥੀਆਂ ਨੂੰ ਲਾਹੌਰ ਜੇਲ੍ਹ ਵਿੱਚ ਜਦੋਂ ਫਾਂਸੀ ਹੋਈ ਤਾਂ ਉਸ ਜੇਲ੍ਹ ਦੇ ਡਿਪਟੀ ਸੁਪਰਡੈਂਟ ਮੁਹੰਮਦ ਅਕਬਰ ਖਾਂ ਇਸ ਫਾਂਸੀ ਤੋਂ ਦੁਖੀ ਹੋ ਕੇ ਹਮਦਰਦੀ ਵਜੋਂ ਆਪਣੇ ਅਥਰੂ ਨਹੀਂ ਸਨ ਰੋਕ ਸਕੇ। ਇਸ ਹਮਦਰਦੀ ਦਾ ਖ਼ਮਿਆਜ਼ਾ ਉਨ੍ਹਾਂ ਨੂੰ ਬਾਅਦ ਵਿੱਚ ਨੌਕਰੀ ਤੋਂ ਬਰਖਾਸਤੀ ਦੀ ਸੂਰਤ ਵਿੱਚ ਭੁਗਤਣਾ ਪਿਆ ਸੀ। ਭਗਤ ਸਿੰਘ ਹੁਰਾਂ ਦੇ ਅਦਾਲਤੀ ਕੇਸ ਵਿੱਚ 457 ਗਵਾਹ ਸਨ, ਜਿਨ੍ਹਾਂ ਵਿੱਚ ਸਰਕਾਰੀ ਗਵਾਹਾਂ ਦੀ ਜੁੰਡਲੀ ਵਿੱਚ ਹੰਸਰਾਜ ਵੋਹਰਾ, ਜੈ ਗੁਪਾਲ, ਪੀ ਐਨ ਘੋਸ਼ ਤੇ ਮਨਮੋਹਨ ਬੈਨਰਜੀ ਸ਼ਾਮਲ ਸਨ। ਇਨ੍ਹਾਂ ਵੱਲੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ਼ ਦਿੱਤੀਆਂ ਗਵਾਹੀਆਂ ਬਦਲੇ ਜੈ ਗੋਪਾਲ ਨੂੰ 20,000 ਰੁਪਏ ਨਕਦ ਇਨਾਮ ਅਤੇ ਪੀ ਐਨ ਘੋਸ਼ ਅਤੇ ਮਨਮੋਹਨ ਬੈਨਰਜੀ ਨੂੰ ਬਿਹਾਰ ਦੇ ਜ਼ਿਲ੍ਹਾ ਚੰਪਾਰਨ ਵਿੱਚ 50-50 ਏਕੜ ਜ਼ਮੀਨ ਦਿੱਤੀ ਗਈ ਸੀ। ਹੰਸਰਾਜ ਵੋਹਰਾ ਨੇ ਸਰਕਾਰ ਕੋਲੋਂ ਕੋਈ ਆਰਥਿਕ ਮਦਦ ਨਾ ਲੈ ਕੇ ਸਰਕਾਰ ਦੀ ਲੰਡਨ ਯੂਨੀਵਰਸਿਟੀ ਆਫ ਇਕਨਾਮਿਕਸ ਵਿੱਚ ਪੜ੍ਹਾਈ ਹਾਸਲ ਕਰਨ ਦੀ ਸਹੂਲਤ ਲੈ ਲਈ। ਉਸ ਨੇ ਬਾਅਦ ਵਿੱਚ ਮਿਲਟਰੀ ਗਜ਼ਟ ਲਾਹੌਰ ਲਈ ਬਤੌਰ ਪੱਤਰਕ-ਾਰ ਨੌਕਰੀ ਕਰ ਲਈ। ਇਨ੍ਹਾਂ ਤੋਂ ਬਿਨਾ ਲਾਹੌਰ ਸੈਂਟਰਲ ਜੇਲ੍ਹ ਦੇ ਸੁਪਰਡੈਂਟ ਮੇਜਰ ਪੀ ਡੀ ਚੋਪੜਾ ਨੂੰ ਡੀ ਆਈ ਜੀ ਜੇਲ੍ਹ ਦੀ ਤਰੱਕੀ, ਆਈ ਜੀ ਜੇਲ੍ਹ ਲੈਫਟੀਨੈਂਟ ਕਰਨਲ ਐਫ ਏ ਵਰਕਰ ਨੂੰ ਨਾਇਟਹੁੱਡ/ ਸਰ ਦੀ ਉਪਾਧੀ ਅਤੇ ਭਗਤ ਸਿੰਘ ਹੁਰਾਂ ਦੇ ਕੇਸ ਦੇ ਜਾਂਚ ਅਧਿਕਾਰੀ ਐਸ ਪੀ ਖ਼ਾਨ ਬਹਾਦਰ ਅਬਦੁਲ ਅਜੀਜ਼ ਨੂੰ ਡੀ ਆਈ ਜੀ ਨਿਯੁਕਤ ਕੀਤਾ ਗਿਆ ਸੀ।

ਜੇਲ੍ਹ ਦੌਰਾਨ ਭਗਤ ਸਿੰਘ ਦੀ ਬੈਰਕ ਦੀ ਸਫ਼ਾਈ ਕਰਨ ਵਾਲਾ ਬੋਘਾ ਨਾਂ ਦਾ ਇੱਕ ਸਫਾਈ ਸੇਵਕ ਸੀ। ਉਹ ਭਗਤ ਸਿੰਘ ਦੇ ਵਿਚਾਰਾਂ ਵਿੱਚ ਡੂੰਘੀ ਰੁਚੀ ਲੈਂਦਾ ਸੀ। ਸ਼ਹੀਦ ਭਗਤ ਸਿੰਘ ਦਾ ਉਸ ਨਾਲ ਚੰਗਾ ਪਿਆਰ ਸੀ। ਭਗਤ ਸਿੰਘ ਉਸ ਨੂੰ ਪਿਆਰ ਨਾਲ ਕਹਿੰਦਾ ਕਿ 'ਬੋਘਿਆ, ਤੇਰੇ ਹੱਥ ਦੀ ਰੋਟੀ ਖਾਣ ਨੂੰ ਬੜਾ ਦਿਲ ਕਰਦਾ ਹੈ।' ਬੋਘੇ ਨੇ ਕਿਹਾ ਕਿ 'ਭਗਤ ਸਿੰਘ, ਤੂੰ ਉੱਚ ਜਾਤੀ ਦਾ ਸਰਦਾਰ ਤੇ ਮੈਂ ਨੀਵੀਂ ਜਾਤੀ ਵਾਲਾ ਸਫ਼ਾਈ ਕਰਮਚਾਰੀ ਹਾਂ, ਤੂੰ ਮੇਰੇ ਹੱਥੋਂ ਰੋਟੀ ਕਿਵੇਂ ਖਾ ਲਏਂਗਾ।' ਅਖੀਰ ਭਗਤ ਸਿੰਘ ਨੇ ਫਾਂਸੀ ਤੋਂ ਦੋ ਦਿਨ ਪਹਿਲਾਂ ਫਿਰ ਕਿਹਾ ਕਿ 'ਬੋਘਿਆ, ਮੈਨੂੰ ਪਰਸੋਂ ਤਾਂ ਫਾਂਸੀ ਲੱਗ ਜਾਣੀ ਐ, ਹੁਣ ਮੇਰੀ ਆਖ਼ਰੀ ਇੱਛਾ ਪੂਰੀ ਕਰਦੇ।' ਬੋਘੇ ਨੇ ਜਦੋਂ ਭਗਤ ਸਿੰਘ ਨੂੰ ਰੋਟੀ ਬਣਾ ਕੇ ਖਵਾਈ ਤਾਂ ਭਗਤ ਸਿੰਘ ਨੇ ਉਸ ਨੂੰ ਪਿਆਰ ਨਾਲ ਗਲੱਵਕੜੀ ਵਿੱਚ ਲਿਆ। ਬੋਘਾ ਰੋਂਦਾ ਹੋਇਆ ਭੁੱਬਾਂ ਮਾਰਦਾ ਕਹਿਣ ਲੱਗਾ ਕਿ 'ਭਗਤ ਸਿੰਘ ਸ਼ੇਰਾ, ਤੇਰੇ ਵਰਗੇ ਸੂਰਬੀਰ ਵਾਰ-ਵਾਰ ਨਹੀਂ ਜੰਮਣੇ, ਭਗਤ ਸਿੰਘ ਤੇਰੀ ਘਾਟ ਦੇਸ਼ ਨੂੰ ਸਦਾ ਖਟਕਦੀ ਰਹੇਗੀ।' ਇਹ ਸੁਣ ਕੇ ਭਗਤ ਸਿੰਘ ਨੇ ਉਸ ਨੂੰ ਕਿਹਾ ਕਿ 'ਦੇਖੀਂ ਬੋਘਿਆ, ਹੁਣ ਸਾਡਾ ਦੇਸ਼ ਆਜ਼ਾਦ ਹੋ ਜਾਣਾ ਹੈ, ਇੱਥੇ ਸਭ ਨਫ਼ਰਤਾਂ, ਵਿਤਕਰੇ, ਜਾਤ-ਪਾਤ ਤੇ ਗ਼ਰੀਬੀ ਦੀਆਂ ਦੀਵਾਰਾਂ ਢਹਿ ਜਾਣਗੀਆਂ ਤੇ ਸਭ ਲੋਕ ਇੱਥੇ ਆਜ਼ਾਦ ਭਾਰਤ ਵਿੱਚ ਖ਼ੁਸ਼ੀ ਅਤੇ ਸਮਾਨਤਾ ਨਾਲ ਵੱਸਣਗੇ।'

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ 23 ਮਾਰਚ 1931 ਨੂੰ ਸ਼ਹੀਦੀ ਜਾਮ ਪੀ ਗਏ। ਇਨ੍ਹਾਂ ਸ਼ਹਾਦਤਾਂ ਸਦਕਾ ਸਾਡੇ ਦੇਸ਼ ਨੂੰ 15 ਅਗਸਤ 1947 ਨੂੰ ਆਜ਼ਾਦੀ ਮਿਲੀ, ਪਰ ਅਫ਼ਸੋਸ ਦੀ ਗੱਲ ਹੈ ਕਿ ਜਿਹੜੀਆਂ ਆਸਾਂ ਨਾਲ ਸ਼ਹੀਦਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਜਿਹੜੀ ਸੋਚ ਲੈ ਕੇ ਅੰਗਰੇਜ਼ੀ ਹਕੂਮਤ ਨਾਲ ਆਢਾ ਲਿਆ ਸੀ, ਉਹ ਪੂਰੀ ਨਾ ਹੋਈ। ਬੇਸ਼ੱਕ ਭਾਰਤ ਆਜ਼ਾਦ ਹੋ ਗਿਆ ਤੇ ਸੱਤਾ ਸਾਡੇ ਆਪਣੇ ਲੋਕਾਂ ਦੇ ਹੱਥ ਵਿੱਚ ਆ ਗਈ, ਇਸ ਦੇ ਬਾਵਜੂਦ ਇਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਨਹੀਂ ਬਣ ਸਕਿਆ।

# ਜੇਕਰ ਨਾ ਸੰਭਲੇ ਤਾਂ ਪਾਣੀ ਨੂੰ ਤਰਸੋਂਗੇ



ਸੰਪੂਰਨ ਸਿੰਘ, ਚਾਨੀਆਂ
ਸਟੇਟ ਅਵਾਰਡੀ

ਜਦੋਂ ਅਸੀਂ ਪਾਂਣੀ ਦੀ ਸਥਿਤੀ ਬਾਰੇ ਗੱਲ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਦੁਨੀਆਂ ਚ ਮੌਜੂਦ ਕੁੱਲ ਪਾਂਣੀ ਦਾ 97%ਹਿੱਸਾ ਪਾਂਣੀ ਸਮੁੰਦਰਾਂ ਵਿੱਚ ਹੀ ਮੌਜੂਦ ਹੈ ਜਿਹੜਾ ਕਿ ਨਾਂ ਤਾਂ ਖੇਤੀ ਲਈ ਵਰਤੋਂ ਲਈ ਅਤੇ ਨਾ ਹੀ ਪੀਂਣ ਲਈ ਯੋਗ ਹੈ,ਦੋ ਫੀਸਦੀ ਪਾਂਣੀ ਦਰਿਆਵਾਂ ਅਤੇ ਝੀਲਾਂ ਵਿੱਚ ਹੈ ਜਿਹੜਾ ਕਿ ਖੇਤੀ ਲਈ ਤਾਂ ਵਰਤਿਆ ਜਾ ਸਕਦਾ ਹੈ ਪਰ ਇਹ ਵੀ ਪੀਂਣ ਯੋਗ ਨਹੀਂ ਹੈ,ਅਤੇ ਸਿਰਫ ਇੱਕ ਫੀਸਦੀ ਪਾਂਣੀ ਹੀ ਧਰਤੀ ਹੇਠ ਮੌਜੂਦ ਹੈ ਜਿਹੜਾ ਕਿ ਖੇਤੀ ਬਾੜੀ ਵਾਸਤੇ ਅਤੇ ਪੀਂਣ ਵਾਸਤੇ ਵਰਤਿਆ ਜਾ ਸਕਦਾ ਹੈ ।ਏਸੇ ਇੱਕ ਫਸਦੀ ਪਾਂਣੀਂ ਨੂੰ ਅਸੀਂ ਟਿਊਬਵੈਲਾਂ ਅਤੇ ਹੋਰ ਸਾਧਨਾਂ ਰਾਂਹੀਂ ਧਰਤੀ ਚੋਂ ਕੱਢ ਕੱਢ ਕੇ ਖੇਤੀ ਅਤੇ ਪੀਂਣ ਵਾਸਤੇ ਵਰਤੋਂ ਵਿੱਚ ਲਿਆ ਰਹੇ ਹਾਂ। ਜਦੋਂ ਅਸੀਂ ਆਪਣੇਂ ਦੇਸ਼ ਭਾਰਤ ਵੱਲ ਨਜ਼ਰ ਮਾਰਦੇ ਹਾਂ ਤਾਂ ਭਾਰਤ ਦੇ ਜਲ ਭੂ ਬੋਰਡ ਦੀ ਰਿਪੋਰਟ ਅਨੁਸਾਰ ਏਸ ਵੇਲੇ ਸਾਡੇ ਦੇਸ਼ ਦੀ ਚੌਥਾ ਹਿੱਸਾ ਅਬਾਦੀ ਪਾਂਣੀਂ ਦੀ ਥੋੜ ਦਾ ਸ਼ਿਕਾਰ ਹੋ ਚੁੱਕੀ ਹੈ,ਭਾਰਤ ਦੇ ਦਸ ਸੂਬਿਆਂ ਦੇ 250 ਤੋਂ ਵਧੇਰੇ ਜਿਲ੍ਹੇ ਪਾਂਣੀ ਦੀ ਥੋੜ ਕਾਰਨ ਸੋਕੇ ਦੀ ਮਾਰ ਹੇਠ ਆ ਚੁੱਕੇ ਹਨ,ਜਿਨ੍ਹਾਂ ਦੀ ਅਬਾਦੀ ਤੇਤੀ ਕਰੋੜ ਬਣ ਜਾਂਦੀ ਹੈ।

ਪੰਜਾਬ ਦੀ ਹਾਲਤ ਤਾਂ ਏਸ ਤੋਂ ਵੀ ਵਧੇਰੇ ਖਤਰਨਾਕ ਮੋੜ ਤੇ ਜਾ ਚੁੱਕੀ ਹੈ,ਪੰਜਾਬ ਦੇ 145 ਬਲਾਕਾਂ ਵਿੱਚ ਪਾਂਣੀ ਦਾ ਪੱਧਰ ਖਤਰਨਾਕ ਮੋੜ ਤੇ ਜਾ ਚੁੱਕਿਆ ਹੈ,ਸਰਕਾਰ ਵਲੋਂ ਇਹ ਸਾਰੇ ਬਲਾਕ ਡਾਰਕ ਘੋਸ਼ਿਤ ਕੀਤੇ ਹੋਏ ਹਨ ਅਤੇ ਇਹਨਾਂ ਘੋਸ਼ਿਤ ਕੀਤੇ ਹੋਏ ਬਲਾਕਾਂ ਵਿੱਚ ਨਵੇਂ ਟਿਊਬਵੈਲ ਲਗਾਉਣ ਦੀ ਮਨਾਹੀ ਕੀਤੀ ਹੋਈ ਹੈ,ਪਰ ਇਸ ਦੀ ਪ੍ਰਵਾਹ ਕੀਤੇ ਵਗੈਰ ਪਿਛਲੀ ਸਰਕਾਰ ਨੇ ਕੋਈ ਇੱਕ ਲੱਖ ਹੋਰ ਟਿਊਬਵੈਲ ਲਗਵਾਉਂਣ ਲਈ ਨਵੇਂ ਕੁਨੈਕਸ਼ਨ ਜਾਰੀ ਕਰਨ ਲਈਪ੍ਰਵਾਨਗੀ ਦਿੱਤੀ ਹੋਈ ਹੈ ਜਿਨ੍ਹਾਂ ਚੋਂ ਬਹੁਤੇ ਟਿਊਬਵੈਲ ਲੱਗ ਵੀ ਚੁੱਕੇ ਹਨ,ਜਦੋਂ ਕਿ ਪਹਿਲਾਂ ਹੀ ਕੋਈ ਸਾਢੇ ਬਾਰਾਂ ਲੱਖ ਬਿਜਲੀ ਵਾਲੇ ਅਤੇ ਡੇੜ ਲੱਖ ਟਿਊਬਵੈਲ ਡੀਜ਼ਲ ਇੰਜਣਾਂ ਨਾਲ ਚੱਲਣ ਵਾਲੇ ਵੀ ਚੱਲ ਰਹੇ ਹਨ। ਏਥੇ ਹੀ ਬੱਸ ਨਹੀਂ ਹੈ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਲੋਕਾਂ ਦੀਆਂ ਪਾਂਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੋਈ ਪੰਜਾਹ ਲੱਖ ਹੋਰ ਛੋਟੇ ਵੱਡੇ ਟਿਊਬਵੈਲ ਦਿਨੇ ਰਾਤ ਚੱਲੀ ਜਾ ਰਹੇ ਹਨ ਜਿਨ੍ਹਾਂ ਰਾਹੀਂ ਅਸੀ ਧਰਤੀ ਹੇਠਲਾ ਪਾਂਣੀ ਕੱਢ ਕੱਢ ਕੇ ਮੁਕਾਈ ਜਾ ਰਹੇ ਹਾਂ। ਪੰਜਾਬ ਸਰਕਾਰ ਵਲੋਂ 1997 ਤੋਂ ਟਿਊਬਵੈਲਾਂ ਵਾਸਤੇ ਬਿਜਲੀ ਦੀ ਸਪਲਾਈ ਮੁਫਤ ਕੀਤੀ ਹੋਈ ਹੈ,ਜਿਹਦੇ ਕਰਕੇ ਪੰਜਾਬ ਦਾ ਕਿਸਾਨ ਝੋਨੇ ਦੀ ਫਸਲ ਹੇਠੋਂ ਰਕਬਾ ਘਟਾਉਣ ਲਈ ਤਿਆਰ ਨਹੀ ਹੋ ਰਿਹਾ ਹੈ ਏਸੇ ਕਰਕੇ ਉਹ ਬਗੈਰ ਲੋੜ ਤੋਂ ਵੀ ਟਿਊਬਵੈਲਾਂ ਨੂੰ ਚਲਾਈ ਜਾ ਰਿਹਾ ਹੈ ਅਤੇ ਨਤੀਜੇ ਵਜੋਂ ਧਰਤੀ ਹੇਠਲਾ ਪਾਂਣੀ ਮੁਕਾਈ ਜਾ ਰਿਹਾ ਹੈ।ਏਸੇ ਕਰਕੇ ਬਹੁਤੀ ਜਗ੍ਹਾ ਧਰਤੀ ਹੇਠਲਾ ਪਾਂਣੀ ਡੇੜ ਸੌ ਤੋ ਦੋ ਸੌ ਫੁੱਟ ਤੱਕ ਹੇਠ ਜਾ ਚੁੱਕਿਆ ਹੈ,ਕਿਸਾਨਾਂ ਨੂੰ ਏਨੀ ਡੂੰਘਾਈ ਚੋਂ ਪਾਂਣੀ ਕੱਢਣਾਂ ਬਹੁਤ ਮਹਿੰਗਾ ਪੈ ਰਿਹਾ ਹੈ,ਪਰ ਫੇਰ ਵੀ ਮੁਫਤ ਬਿਜਲੀ ਕਰਕੇ ਉਹ ਇਸ ਬਾਰੇ ਗੰਭੀਰਤਾ ਨਾਲ ਨਹੀਂ ਸੋਚ ਰਹੇ ਅਤੇ ਹੋਰ ਡੂੰਘੇ ਬੋਰ ਕਰਕੇ ਧਰਤੀ ਹੇਠੋਂ ਪਾਂਣੀ ਕੱਢੀ ਜਾ ਰਹੇ ਹਨ,ਜੇਕਰ ਏਹੋ ਹਾਲ ਰਿਹਾ ਤਾਂ ਸਾਨੂੰ ਫਸਲਾਂ ਪਾਲਣ ਲਈ ਵੀ ਧਰਤੀ ਚੋਂ ਪਾਣੀਂ ਮਿਲਨਾ ਮੁਸ਼ਕਲ ਹੋ ਜਾਵੇਗਾ,ਏਸ ਲਈ ਸਾਨੂੰ ਅਤੇ ਸਾਡੀ ਸਰਕਾਰ ਨੂੰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।ਜਦੋਂ ਅਸੀ ਕਨੇਡਾ ਵਰਗੇ ਅਗਾਂਹ ਵਧੂ ਮੁਲਕਾਂ ਵੱਲ ਦੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੇਸ਼ਾਂ ਦੇ ਕਿਸਾਨ ਧਰਤੀ ਹੇਠਲੇ ਪਾਂਣੀ ਦੀ ਬਹੁਤ ਘੱਟ ਵਰਤੋਂ ਕਰਦੇ ਹਨ,ਇੱਕ ਤਾਂ ਏਥੇ ਬਾਰਸ਼ਾਂ ਬਹੁਤ ਹੁੰਦੀਆਂ ਹਨ ਦੂਸਰਾ ਏਥੇ ਦੀਆਂ ਸਰਕਾਰਾਂ ਝੀਲਾਂ ਆਦਿ ਦਾ ਪਾਂਣੀ ਕੰਟਰੌਲ ਕਰਕੇ ਕਿਸਾਨਾਂ ਨੂੰ ਸਿੰਚਾਈ ਲਈ ਦੇ ਰਹੀਆਂ ਹਨ ਅਤੇ ਕਿਸਾਨ ਵੀ ਬਹੁਤੀ ਸਿੰਚਾਈ ਲਈ ਫੁਹਾਰਾ ਸਿੰਚਾਈ ਅਤੇ ਤੁਪਕਾ ਸਿੰਚਾਈ ਵਿਧੀ ਦਾ ਪ੍ਰਯੋਗ ਹੀ ਕਰ ਰਹੇ ਹਨ ਅਤੇ ਧਰਤੀ ਹੇਠਲੇ ਪਾਣੀ ਦੀ ਬਹੁਤ ਘੱਟ ਵਰਤੋਂ ਕਰਦੇ ਹਨ ਅਤੇ ਉਹ ਧਰਤੀ ਹੇਠਲੇ ਪਾਣੀਂ ਨੂੰ ਸੰਭਾਲ ਕੇ ਰੱਖਦੇ ਹਨ,ਸਾਨੂੰ ਵੀ ਏਸ ਤੋਂ ਸੇਧ ਲੈਣ ਦੀ ਲੋੜ ਹੈ ।

ਪੰਜਾਬ ਸਰਕਾਰ ਨੇ ਭਾਂਵੇਂ ਅਗਸਤ ਦੇ ਪਹਿਲੇ ਹਫਤੇ ਪਾਂਣੀ ਦੀ ਸੰਭਾਲ ਕਰਨ ਲਈ ਠੋਸ ਉਪਰਾਲੇ ਅਮਲ ਵਿੱਚ ਲਿਆਉਂਣ ਵਾਸਤੇ ਵੱਖਰਾ ਡਾਇਰੈਕਟੋਰੇਟ ਬਨਾਉਂਣ ਦੀ ਪ੍ਰਵਾਨਗੀ ਦੇ ਦਿੱਤੀ ਹੈ,ਪਰ ਓਨੀ ਦੇਰ ਤੱਕ ਠੋਸ ਨਤੀਜੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਜਿੰਨੀ ਦੇਰ ਤੱਕ ਸਰਕਾਰ ਅਤੇ ਕਿਸਾਨ ਇਸ ਬਾਰੇ ਗੰਭੀਰ ਨਹੀਂ ਹੋਣਗੇ। ਛੋਟੇ ਅਤੇ ਸੀਮਾਂਤੀ ਕਿਸਾਨਾਂ ਨੂੰ ਛੱਡ ਕੇ ਬਾਕੀ ਦੇ ਕਿਸਾਨਾਂ ਪਾਸੋਂ ਬਿਜਲੀ ਦੇ ਬਿੱਲ ਲਏ ਜਾਂਣੇ ਚਾਹੀਦੇ ਹਨ, ਇਹਦੇ ਨਾਲ ਜਿੱਥੇ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਵੇਗਾ ਉਥੇ ਵੱਡੇ ਕਿਸਾਨ ਫਸਲੀ ਭਿੰਨਤਾ ਵੱਲ ਵਧੇਰੇ ਧਿਆਨ ਦੇ ਕੇ ਪਾਣੀਂ ਦੀ ਵਰਤੋਂ ਸੋਚ ਸਮਝ ਕੇ ਕਰਨਗੇ ਕਿਉਂ ਕਿ ਉਨ੍ਹਾਂ ਨੂੰ ਪਾਂਣੀ ਦੀ ਕੀਮਤ ਦੇਣੀ ਪਵੇਗੀ।

ਨਹਿਰਾਂ ਦੀ ਸਿੰਚਾਈ ਹੇਠ ਰਕਬਾ ਵਧਾਇਆ ਜਾਵੇ,ਜਿਹੜੇ ਇਲਕਿਆਂ ਵਿੱਚ ਅਜੇ ਤੱਕ ਵੀ ਨਹਿਰੀ ਪਾਂਣੀਂ ਨਹੀਂ ਪਹੁੰਚਿਆ ਹੈ ਉਨ੍ਹਾਂ ਦੀ ਪਹਿਚਾਂਣ ਕਰਕੇ ਹੋਰ ਨਵੀਆਂ ਨਹਿਰਾਂ ਬਣਾਂ ਕੇ ਨਹਿਰੀ ਪਾਂਣੀ ਭੇਜਣ ਦੇ ਉਪਰਾਲੇ ਕੀਤੇ ਜਾਂਣ।ਜਿਹੜੀਆਂ ਨਹਿਰਾਂ ਅਜੇ ਤੱਕ ਕੱਚੀਆਂ ਹਨ ਉਨ੍ਹਾਂ ਨੂੰ ਪੱਕਿਆਂ ਕਰਕੇ ਅਤੇ ਨਾਲ ਹੀ ਨਹਿਰਾਂ ਦੇ ਖਾਲੇ ਵੀ ਪੱਕੇ ਕਰਕੇ ਪਾਂਣੀ ਦੀ ਬਰਬਾਦੀ ਨੂੰ ਬਚਾ ਕੇ ਵੱਧ ਤੋ ਵੱਧ ਰਕਬਾ ਨਹਿਰੀ ਪਾਂਣੀ ਹੇਠ ਲਿਆਂਦਾ ਜਾਵੇ। ਕਿਸਾਨਾਂ ਨੂੰ ਵੀ ਖਾਲੇ ਪੱਕੇ ਕਰਨ ਵਾਸਤੇ ਵਿਸ਼ੇਸ਼ ਸਬਸਿਡੀ ਦਿੱਤੀ ਜਾਵੇ ।

ਪਿਛਲੇ ਦਿਨੀ ਪੰਜਾਬ ਸਰਕਾਰ ਵਲੋਂ ਅਮ੍ਰਤਸਰ ਵਰਗੇ ਵੱਡੇ ਸ਼ਹਿਰਾਂ ਨੂੰ ਨਹਿਰਾਂ ਦਾ ਪਾਂਣੀ ਸਾਫ ਕਰਕੇ ਪੀਂਣ ਵਾਸਤੇ ਦੇਂਣ ਲਈ ਐਲਾਨ ਕੀਤਾ ਹੈ ਇਸ ਨੂੰ ਜਲਦੀ ਹੀ ਅਮਲੀ ਜਾਮਾਂ ਅਪਨਾਉਂਣ ਦੇ ਉਪਰਾਲੇ ਕੀਤੇ ਜਾਂਣ,ਅਤੇ ਸੂਬੇ ਦੇ ਸਾਰੇ ਸ਼ਹਿਰ ਅਤੇ ਕਸਬੇ ਏਸ ਸਕੀਮ ਦੇ ਘੇਰੇ ਹੇਠ ਲਿਆ ਕੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਦੇ ਲੋਗਾਂ ਨੂੰ ਹੀ ਪੀਂਣ ਵਾਸਤੇ ਨਹਿਰੀ ਪਾਂਣੀ ਦੀ ਵਰਤੋਂ ਕਰਕੇ ਧਰਤੀ ਹੇਠਲੇ ਪਾਂਣੀ ਦੀ ਵੱਧ ਤੋਂ ਵੱਧ ਬੱਚਤ ਕੀਤੀ ਜਾ ਸਕੇ ।

ਦਰਿਆਵਾਂ ਚ ਦੋ ਦੋ ਜਾਂ ਚਾਰ ਚਾਰ ਕਿਲੋਮੀਟਰ ਦੀ ਦੂਰੀ ਤੇ ਪੱਕੇ ਬੰਨ੍ਹ ਬਣਵਾਏ ਜਾਂਣ,ਇਨ੍ਹਾਂ ਨਾਲ ਦਰਿਆਵਾਂ ਦਾ ਪਾਂਣੀ ਰੁਕ ਰੁਕ ਕੇ ਅੱਗੇ ਜਾਵੇਗਾ ਅਤੇ ਇਹ ਜਿਆਦਾ ਰਕਬੇ ਵਿੱਚ ਖਿੱਲਰ ਕੇ ਧਰਤੀ ਹੇਠਲੇ ਪਾਂਣੀ ਨੂੰ ਉੱਪਰ ਲਿਆਉਂਣ ਵਿੱਚ ਸਹਾਈ ਹੋਵੇਗਾ ਸ਼ਹਿਰਾਂ ਅਤੇ ਪਿੰਡਾਂ ਵਿੱਚ ਨਵੇਂ ਮਕਾਨਾਂ ਦੀ ਉਸਾਰੀ ਸਮੇਂ ਅਤੇ ਸਰਕਾਰੀ ਬਿਲਡਗਾਂ ਦੀ ਉਸਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਲਈ ਇਹ ਜਰੂਰੀ ਬਣਾਇਆ ਜਾਵੇ ਕਿ ਉਹ ਮਕਾਨਾਂ ਅਤੇ ਬਿਲਡਿੰਗਾਂ ਦੀ ਉਸਾਰੀ ਕਰਨ ਤੋਂ ਪਹਿਲਾਂ ਬਾਰਸ਼ ਦੇ ਪਾਣੀਂ ਨੂੰ ਧਰਤੀ ਚ ਭੇਜਣ ਵਾਸਤੇ ਲੋੜੀਂਦੀ ਵਿਧੀ ਜਰੂਰ ਅਪਨਾਉਂਣ ਤਾਂ ਜੋ ਵੱਧ ਤੋਂ ਵੱਧ ਬਾਰਸ਼ ਦਾ ਪਾਂਣੀ ਧਰਤੀ ਹੇਠ ਭੇਜ ਕੇ ਧਰਤੀ ਹੇਠਲੇ ਪਾਂਣੀ ਨੂੰ ਉੱਪਰ ਚੁੱਕਣ ਵਾਸਤੇ ਉਪਰਾਲਾ ਕੀਤਾ ਜਾ ਸਕੇ ।

ਪਿੰਡਾਂ ਦੇ ਛੱਪੜ ਵੀ ਦਿਨੋਂ ਦਿਨ ਸੂੰਗੜਦੇ ਜਾ ਰਹੇ ਹਨ, ਕਿਉਂ ਕਿ ਉਨ੍ਹਾਂ ਉਤੇ ਲੋਗ ਨਜਾਇਜ਼ ਕਬਜੇ ਕਰੀ ਜਾ ਰਹੇ ਹਨ।ਛੱਪੜਾਂ ਦੇ ਨਜਾਇਜ਼ ਕਬਜੇ ਹਟਾ ਕੇ ਉਨ੍ਹਾਂ ਦੀ ਗਾਰ ਬਾਹਰ ਕੱਢ ਕੇ ਰੇਤ ਤੱਕ ਡੂੰਘਾਈ ਕੀਤੀ ਜਾਵੇ ਤਾਂ ਜੋ ਛੱਪੜਾਂ ਦਾ ਪਾਂਣੀ ਵੀ ਧਰਤੀ ਵਿੱਚ ਭੇਜ ਕੇ ਧਰਤੀ ਹੇਠਲੇ ਪਾਂਣੀ ਨੂੰ ਉੱਪਰ ਚੁੱਕਿਆ ਜਾ ਸਕੇ। ਇਸ ਉਪਰਾਲੇ ਨਾਲ ਛੱਪੜ ਬਾਰਸ਼ਾਂ ਦਾ ਪਾਂਣੀ ਵੀ ਸੰਭਾਲ ਸਕਣਗੇ ਜਿਸ ਸਮੇਂ ਕਿਸਾਨਾਂ ਨੂੰ ਨਹਿਰੀ ਪਾਂਣੀ ਦੀ ਲੋੜ ਨਹੀਂ ਹੁੰਦੀ ਉਸ ਵੇਲੇ ਨਹਿਰਾਂ ਦੇ ਨਾਲ ਲਗਦੇ ਵੀਰਾਂਨ ਖੂਹਾਂ ਵਿੱਚ ਬੋਰ ਕਰਕੇ ਉਨ੍ਹਾਂ ਵਿੱਚ ਵਾਧੂ ਨਹਿਰੀ ਪਾਂਣੀ ਪਾ ਕੇ ਵੀ ਧਰਤੀ ਹੇਠਲੇ ਪਾਂਣੀ ਨੂੰ ਓਪਰ ਚੁੱਕਿਆ ਜਾ ਸਕਦਾ ਹੈ ।

ਜਿਹੜੇ ਕਿਸਾਨ ਫੁਹਾਰਾ ਅਤੇ ਤੁਪਕਾ ਸਿੰਚਾਈ ਪ੍ਰਣਾਲੀ ਲਗਾਉਂਣਾ ਚਾਹੁੰਦੇ ਹੋਂਣ ਉਨ੍ਹਾਂ ਨੂੰ ਵੱਧ ਤੋਂ ਵੱਧ ਸਬਸਿਡੀ ਦਿੱਤੀ ਜਾਵੇ ।

ਦਰਿਆਵਾਂ ਅਤੇ ਨਹਿਰਾਂ ਵਿੱਚ ਸ਼ਹਿਰਾਂ ਦੇ ਸੀਵਰੇਜ ਅਤੇ ਫੈਕਟਰੀਆਂ ਦਾ ਗੰਦਾ ਪਾਂਣੀ ਪੈਂਣ ਤੋਂ ਰੋਕ ਕੇ ਸੀਚੇਵਾਲ ਵਾਲੀ ਤਰਜ਼ ਤੇ ਦਰਿਆਵਾਂ ਅਤੇ ਨਹਿਰਾਂ ਨੂੰ ਪ੍ਰਦੂਸ਼ਣ ਰਹਿਤ ਕੀਤਾ ਜਾਵੇ। ਇਨ੍ਹਾਂ ਦਾ ਪਾਂਣੀ ਸਾਫ ਰੱਖ ਕੇ ਇੱਕ ਤਾਂ ਵਾਤਾਵਰਨ ਸ਼ੁਧ ਹੋਵੇਗਾ ਅਤੇ ਸਾਫ ਪਾਂਣੀ ਵੀ ਧਰਤੀ ਵਿੱਚ ਜਾ ਕੇ ਧਰਤੀ ਹੇਠਲੇ ਪਾਂਣੀ ਨੂੰ ਉੱਪਰ ਲਿਆਉਂਣ ਵਿੱਚ ਸਹਾਈ ਹੋ ਸਕੇਗਾ ।


ਦਾਲਾਂ,ਸਬਜੀਆਂ, ਮੱਕੀ ਅਤੇ ਫਲਦਾਰ ਬੂਟੇ ਲਗਾਉਂਣ ਵਾਲੇ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਜਾਵੇ ਤਾਂ ਜੋ ਝੋਨੇ ਦੀ ਫਸਲ ਹੇਠ ਰਕਬਾ ਘਟਾਇਆ ਜਾ ਸਕੇ,ਅਤੇ ਇਨ੍ਹਾਂ ਫਸਲਾਂ ਦੀ ਖਰੀਦ ਲਈ ਵੀ ਠੋਸ ਉਪਰਾਲੇ ਕੀਤੇ ਜਾਂਣ ਤਾਂ ਜੋ ਕਿਸਾਨਾਂ ਨੂੰ ਉਤਸ਼ਾਹ ਮਿਲੇ ਤੇ ਉਨ੍ਹਾਂ ਦੀ ਮੰਡੀਆਂ ਵਿੱਚ ਖੱਜਲ ਖੁਆਰੀ ਨਾ ਹੋਵੇ ।

ਪਿੰਡਾਂ ਵਿੱਚ ਵੱਧ ਤੋਂ ਵੱਧ ਕਿਸਾਨ ਸਿਖਲਾਈ ਕੈਂਪ ਲਗਾ ਕੇ ਧਰਤੀ ਹੈਠਲੇ ਪਾਣੀ ਦੀ ਬੱਚਤ ਕਰਨ ਬਾਰੇ ਉਨ੍ਹਾਂ ਨੂੰ ਅਮਲੀ ਜਾਂਣਕਾਰੀ ਦਿੱਤੀ ਜਾਵੇ । ਖੇਤ ਪੱਧਰੇ ਕਰਨ ਵਾਸਤੇ ਅਤੇ ਖੇਤਾਂ ਵਿੱਚ ਛੋਟੇ ਛੋਟੇ ਕਿਆਰੇ ਪਾ ਕੇ ਸਿੰਚਾਈ ਕਰਨ ਵਾਸਤੇ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਜਾਵੇ ।

ਜੇਕਰ ਅਸੀਂ ਅਜਿਹੇ ਕੁੱਝ ਕੁ ਉਪਰਾਲੇ ਕਰਕੇ ਧਰਤੀ ਹੇਠਲੇ ਪਾਂਣੀ ਦੀ ਬੱਚਤ ਕਰਨ ਦੇ ਉਪਰਾਲੇ ਕਰਾਂਗੇ ਤਾਂ ਨਿਸਚੇ ਹੀ ਅਸੀਂ ਧਰਤੀ ਹੇਠਲੇ ਪਾਂਣੀ ਨੂੰ ਅਗਲੀਆਂ ਪੀੜ੍ਹੀਆਂ ਵਾਸਤੇ ਬਚਾ ਸਕਾਂਗੇ ਨਹੀਂ ਤਾਂ ਬਹੁਤ ਜਲਦੀ ਅਸੀਂ ਧਰਤੀ ਹੇਠਲੇ ਪਾਂਣੀ ਨੂੰ ਪੀਂਣ ਲਈ ਵੀ ਤਰਸਿਆ ਕਰਾਂਗੇ।

# ਚਰਖੇ ਦੀ ਗੂੰਜ ਸੁਣ ਕੇ..

-ਲਖਬੀਰ ਸਿੰਘ ਦੌਦਪੁਰ



ਆਦਿ ਮਨੁੱਖ ਨੂੰ ਜਦੋਂ ਮੌਸਮ ਦੀਆਂ ਮਾਰਾਂ ਗਰਮੀ, ਸਰਦੀ, ਬਰਸਾਤ ਆਦਿ ਦਾ ਸਾਹਮਣਾ ਕਰਨਾ ਪੈਂਦਾ ਸੀ ਜਾਂ ਉਸ ਨੂੰ ਪਰਸਪਰ ਲਿੰਗੀ ਸੂਝ ਆਈ ਤਾਂ ਉਸ ਨੇ ਤਨ ਨੂੰ ਢਕਣ ਦੇ ਰਾਹ ਲੱਭੇ। ਇਸ ਵਾਸਤੇ ਸ਼ੁਰੂ-ਸ਼ੁਰੂ ਵਿੱਚ ਜਾਨਵਰਾਂ ਦੀਆਂ ਖੱਲਾਂ, ਰੁੱਖਾਂ ਦੇ ਪੱਤੇ ਆਦਿ ਤੋਂ ਕੰਮ ਲਿਆ ਗਿਆ। ਸਮੇਂ ਨਾਲ ਹੋਈ ਪਹੀਏ ਦੀ ਖੋਜ ਮਗਰੋਂ ਅਤੇ ਖੇਤੀ ਦੇ ਧੰਦੇ ਨੂੰ ਅਪਣਾਉਣ ਤੇ ਰੇਸ਼ੇਦਾਰ ਫਸਲਾਂ ਦੀ ਸੋਝੀ ਮਗਰੋਂ ਇਕ ਅਜਿਹਾ ਯੰਤਰ ਹੋਂਦ ਵਿੱਚ ਆਇਆ ਜਿਸ ਨੂੰ ਚਰਖਾ ਕਿਹਾ ਜਾਂਦਾ ਹੈ। ਭਾਰਤ ਵਿੱਚ ਚਰਖੇ ਦਾ ਪ੍ਰਵੇਸ਼ ਮੱਧ ਏਸ਼ੀਆ ਤੋਂ ਦਸਵੀਂ ਸਦੀ ਦੇ ਲਗਭਗ ਹੋਇਆ ਕਿਹਾ ਜਾਂਦਾ ਹੈ, ਇਹ ਕਿਸੇ ਨਾ ਕਿਸੇ ਰੂਪ ਵਿੱਚ ਭਾਰਤ ਵਿੱਚ ਪਹਿਲਾਂ ਵੀ ਹੋਵੇਗਾ। ਚਰਖਾ ਆਦਿ ਕਾਲ ਤੋਂ ਮਨੁੱਖ ਲਈ ਜਰੂਰੀ ਤੇ ਕੰਮ ਦੀ ਵਸਤੂ ਰਿਹਾ ਹੈ। ਪੰਜਾਬ ਲਈ ਚਰਖਾ ਖਾਸ ਥਾਂ ਰੱਖਦਾ ਹੈ। ਚਰਖਾ ਪੰਜਾਬੀਆਂ ਦੇ ਮਨ ਦੀਆਂ ਧੁਰ ਅੰਦਰਲੀਆਂ ਡੂੰਘਾਣਾਂ ਤੱਕ ਵਸਿਆ ਹੈ। ਚਰਖਾ ਕੁੜੀ ਨੂੰ ਦਾਜ ਵਿੱਚ ਦਿੱਤੀਆਂ ਜਾਣ ਵਾਲੀਆਂ ਵਸਤੂਆਂ ਵਿੱਚੋਂ ਵਿਸ਼ੇਸ਼ ਵਸਤੂ ਸੀ। ਚਰਖੇ ਰਾਹੀਂ ਹੀ ਕੁੜੀ ਜਾਂ ਮਾਪਿਆਂ ਵੱਲੋਂ ਦਾਜ ਲਈ ਦਰੀਆਂ, ਖੇਸ, ਚਾਦਰਾਂ ਆਦਿ ਚਰਖੇ ਦੇ ਕੱਤੇ ਸੂਤ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ।

ਕਤ-ਕਤ ਪੂਣੀਆਂ ਮੈਂ ਸੂਤ ਬਣਾਇਆ
ਓਹਦਾ ਬਣਾਇਆ ਖੇਸ ਮਾਏਂ ਮੇਰੀਏ

ਤ੍ਰਿੰਞਣਾਂ ਵਿੱਚ ਕੁੜੀਆਂ, ਮੁਟਿਆਰਾਂ ਜਾਂ ਸੱਜ ਵਿਆਹੀਆਂ ਜਦੋਂ ਕੱਤਣ ਲੱਗਦੀਆਂ ਤਾਂ ਚਰਖੇ ਵਿੱਚੋਂ ਅਨੋਖੀ ਸੰਗੀਤ ਮਈ ਗੂੰਜ ਨਿਕਲਦੀ, ਜੋ ਆਲੇ ਦੁਆਲੇ ਨੂੰ ਮੰਤਰ ਮੁਗਧ ਕਰ ਦਿੰਦੀ। ਇਸ ਵਿਚਲੀ ਸੰਗੀਤਕ ਗੂੰਜ ਹਰ ਦਿਲ ਨੂੰ ਕੀਲ ਲੈਂਦੀ। ਇਥੋਂ ਤੱਕ ਕਿ ਸੰਤ, ਫਕੀਰ, ਜੋਗੀ ਵੀ ਇਸ ਸੰਗੀਤਕ ਗੂੰਜ ਨੂੰ ਸੁਣ ਕੇ ਮੋਹੇ ਜਾਂਦੇ। ਇਸੇ ਲਈ ਕਿਹਾ ਗਿਆ ਹੈ

ਚਰਖੇ ਦੀ ਗੂੰਜ ਸੁਣ ਕੇ
ਜੋਗੀ ਉਤਰ ਪਹਾੜੋਂ ਆਇਆ

ਚਰਖਾ ਪੰਜਾਬ ਤੇ ਪੰਜਾਬੀ ਲੋਕ ਮਨਾਂ ਦੇ ਅਤੀ ਨੇੜੇ ਹੈ। ਇਸ ਵਿੱਚ ਪੰਜਾਬੀ ਸੱਭਿਆਚਾਰ ਤੇ ਵਿਰਸੇ ਦੀ ਖੁਸ਼ਬੋ ਰਮੀ ਹੋਈ ਹੈ। ਲੋਕ ਗੀਤਾਂ, ਬੋਲੀਆਂ, ਟੱਪਿਆਂ ਵਿੱਚ ਚਰਖਾ ਵਿਸ਼ੇਸ਼ ਥਾਂ ਰੱਖਦਾ ਹੈ। ਦਾਜ ਵਿੱਚ ਦਿੱਤਾ ਜਾਣ ਵਾਲਾ ਚਰਖਾ ਬੜੀ ਮਿਹਨਤ ਨਾਲ ਤਿਆਰ ਕੀਤਾ ਜਾਂਦਾ ਹੈ। ਉਸ ਵਿੱਚ ਕਈ ਵਾਰ ਸ਼ੀਸ਼ੇ ਜੜੇ ਹੁੰਦੇ ਤੇ ਉਂਜ ਉਸ ਨੂੰ ਮਜ਼ਬੂਤੀ ਨਾਲ ਤਿਆਰ ਕੀਤਾ ਜਾਂਦਾ।

ਬਚਨੋ ਦੇ ਚਰਖੇ 'ਤੇ
ਗਿਣ-ਗਿਣ ਕੇ ਮੇਖਾਂ ਲਾਈਆਂ

ਇਸ ਤਰ੍ਹਾਂ ਪੰਜਾਬੀ ਲੋਕਾਂ ਦੇ ਜੀਵਨ ਤੇ ਵਿਹਾਰਾਂ ਦਾ ਹੀ ਨਹੀਂ, ਕੰਮਾਂ ਦਾ ਵੀ ਚਰਖੇ ਰਾਹੀਂ ਬੜਾ ਸੁੰਦਰ ਚਿੱਤਰ ਉਭਰ ਕੇ ਸਾਹਮਣੇ ਆਉਂਦਾ ਹੈ। ਪੰਜਾਬੀ ਰਿਸ਼ਤਾ ਨਾਤਾ ਪ੍ਰਣਾਲੀ ਨੂੰ ਵੀ ਚਰਖੇ ਰਾਹੀਂ ਬਿਆਨ ਕੀਤਾ ਜਾਂਦਾ ਹੈ। ਇਸ ਵਿੱਚ ਸੱਸ ਨੂੰਹ, ਨਨਾਣ-ਭਰਜਾਈ, ਵੀਰ-ਭੈਣ, ਪਿਓ-ਧੀ ਆਦਿ ਦੇ ਰਿਸ਼ਤੇ ਨੂੰ ਚਰਖੇ ਦੇ ਹਵਾਲੇ ਨਾਲ ਵੱਖੋਂ-ਵੱਖ ਰੰਗਾਂ ਵਿੱਚ ਪੇਸ਼ ਕੀਤਾ ਗਿਆ ਹੈ। ਸਹੁਰੇ ਘਰ ਭੈਣ ਭਰਾ ਦੀ ਉਡੀਕ ਵਿੱਚ ਬੈਠੀ ਚਰਖਾ ਕੱਤਦੀ ਉਸ ਨੂੰ ਯਾਦ ਕਰਦੀ ਹੈ।

ਪੇੜੇ ਵੇ ਵੀਰਨਾ ਪੇੜੇ
ਭੈਣ ਤੈਨੂੰ ਯਾਦ ਕਰੇ
ਚਰਖੇ ਦੇ ਹਰ ਗੇੜੇ

ਪੰਜਾਬ ਵਿੱਚ ਸ਼ੁਰੂ ਤੋਂ ਹੀ ਚਰਖੇ ਦੇ ਪ੍ਰਤੀਕ ਰਾਹੀਂ ਗੁਰੂ ਸਾਹਿਬਾਨਾਂ, ਸੂਫੀ ਫਕੀਰਾਂ, ਕਿੱਸਾਕਾਰਾਂ ਅਤੇ ਆਧੁਨਿਕ ਸਮੇਂ ਗਲਪ ਅਤੇ ਵਾਰਤਕ ਰਚਨਾਕਾਰਾਂ ਨੇ ਮਾਨਵੀ ਜੀਵਨ ਦੇ ਵਿਭਿੰਨ ਪਹਿਲੂਆਂ ਨੇ ਚਰਖੇ ਨੂੰ ਮਾਨਵ ਸਰੀਰ ਦਾ ਪ੍ਰਤੀਕ ਮੰਨ ਕੇ ਲੋਕਾਈ ਨੂੰ ਰੱਬ ਦੀ ਬੰਦਗੀ ਤੇ ਸ਼ੁਭ ਅਮਲ ਕਮਾਉਣ ਬਾਰੇ ਉਪਦੇਸ਼ ਦਿੱਤੇ ਹਨ ਤਾਂ ਜੋ ਉਨ੍ਹਾਂ ਦੇ ਅਧਿਆਤਮਕ, ਰੂਹਾਨੀ ਤੇ ਰਹੱਸਮਈ ਵਿਚਾਰਾਂ ਨੂੰ ਜਨ ਸਾਧਾਰਨ ਸੌਖੇ ਤੇ ਸਰਲ ਤਰੀਕੇ ਨਾਲ ਸਮਝ ਸਕੇ। ਸੂਫੀਆਂ ਨੇ ਚਰਖੇ ਦੇ ਪ੍ਰਤੀਕ ਨੂੰ ਥਾਂ-ਥਾਂ ਵਰਤ ਕੇ ਮਨੁੱਖੀ ਜੀਵਨ ਨਾਲ ਜੋੜਿਆ ਹੈ। ਸੂਫੀ ਫਕੀਰ ਰੱਬ ਦੀ ਬੰਦਗੀ ਕਰਨ ਵਾਸਤੇ ਮਨੁੱਖ ਨੂੰ ਚਰਖੇ ਭਾਵ ਮਾਨਵੀ ਸਰੀਰ ਨਾਲ ਰੱਬ ਦੀ ਬੰਦਗੀ ਦਾ ਦਾਜ ਇਕੱਠਾ ਕਰਨ ਵਾਸਤੇ ਪ੍ਰੇਰਦੇ ਹਨ।

ਤੇਰਾ ਸਾਹਾ ਨੇੜੇ ਆਇਆ ਹੈ,
ਕੁਝ ਚੋਲੀ ਦਾਜ ਬਣਾਇਆ ਹੈ?
ਤੂੰ ਚਰਖੇ ਤੰਦ ਨਾ ਪਾਈ ਹੈ,
ਕੀ ਕਰਸੈ 'ਦਾਜ ਤਿਆਰ ਕੁੜੇ?
ਘੁੰਮ ਚਰਖੜਿਆ ਵੇ,
ਤੇਰੀ ਕੱਤਣ ਵਾਲੀ ਜੀਵੇ
ਨਲੀਆਂ ਵੱਟਣ ਵਾਲੀ ਜੀਵੇ।

ਇਸ ਤਰ੍ਹਾਂ ਚਰਖਾ ਦੁਨਿਆਵੀਂ ਕੰਮਾਂ, ਰਸਮਾਂ-ਰੀਤਾਂ ਤੇ ਰਿਵਾਇਤਾਂ ਤੋਂ ਲੈ ਕੇ ਰੂਹਾਨੀਅਤ ਤੇ ਅਧਿਆਮਕਤਾ ਦਾ ਸਫਰ ਤੈਅ ਕਰਦਾ ਹੈ। ਅਜੋਕੇ ਦੌਰ ਵਿੱਚ ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚੋਂ ਚਰਖਾ ਲਗਭਗ ਲੋਪ ਹੋ ਗਿਆ ਹੈ। ਹੁਣ ਚਰਖੇ ਜਾਂ ਪਿੰਡਾਂ ਵਿੱਚ ਕੋਠੀਆਂ ਦੇ ਉਤੇ ਬੇਕਾਰ ਤੇ ਤਰਸਮਈ ਹਾਲਤ ਵਿੱਚ ਪਏ ਹਨ ਜਾਂ ਇਹ ਮੈਰਿਜ ਪੈਲੇਸਾਂ ਵਿੱਚ ਸਟੇਜੀ ਰੰਗਤ ਵਧਾਉਣ ਵਾਸਤੇ ਰੱਖੇ ਜਾਂਦੇ ਹਨ। ਇਸ ਤਰ੍ਹਾਂ ਕਰਕੇ ਇਸ ਨੂੰ ਇਸ ਦਾ ਗਵਾਇਆ ਹੋਇਆ ਮਾਣ ਵਾਪਸ ਨਹੀਂ ਦਿਵਾਇਆ ਜਾ ਸਕਦਾ। ਚਰਖਿਆਂ ਦੀ ਹੱਥੀ 'ਤੇ ਸਾਡੀ ਦਾਦੀਆਂ, ਪੜਦਾਦੀਆਂ ਜਾਂ ਮਾਵਾਂ ਦੇ ਹੱਥਾਂ ਦੀ ਛੋਹ ਨੂੰ ਅਸੀਂ ਅੱਜ ਮਹਿਸੂਸ ਨਹੀਂ ਕਰ ਪਾ ਰਹੇ। ਇਹ ਸਾਡੇ ਵਿਰਸੇ ਤੇ ਸੱਭਿਆਚਾਰ ਦਾ ਅਨਮੋਲ ਖਜ਼ਾਨਾ ਹੈ। ਬੇਸ਼ੱਕ ਚਰਖੇ ਦੀ ਰਫਤਾਰ ਅੱਜ ਦੇ ਜ਼ਮਾਨੇ ਨਾਲ ਮੇਲ ਨਹੀਂ ਖਾਂਦੀ, ਪਰ ਭਾਰਤ ਵਿੱਚ ਕੁਝ ਥਾਵਾਂ 'ਤੇ ਹਾਲੇ ਵੀ ਪਰੰਪਰਾਗਤ ਢੰਗ ਨਾਲ ਚਰਖੇ ਰਾਹੀਂ ਸੂਤ ਕੱਤ ਕੇ ਖਾਦੀ ਤਿਆਰ ਕੀਤੀ ਜਾਂਦੀ ਹੈ, ਜੋ ਛੋਟੇ ਜਾਂ ਲਘੂ ਉਦਯੋਗ, ਹੱਥਕਰਘੇ ਵਾਸਤੇ ਚੰਗੀ ਗੱਲ ਹੈ। ਲੋਕ ਅਜੋਕੇ ਦੌਰ ਵਿੱਚ ਵੀ ਹੱਥੀਂ ਤਿਆਰ ਕੀਤੇ ਕੱਪੜੇ ਦੀ ਕਦਰ ਕਰਦੇ ਹਨ। ਉਹ ਲੋਕ ਵਧਾਈ ਦੇ ਨਾਲ-ਨਾਲ ਹੌਸਲਾ ਅਫਜਾਈ ਦੇ ਵੀ ਪਾਤਰ ਹਨ, ਜੋ ਹੱਥੀਂ ਕੱਤਣ ਤੇ ਪਰੰਪਰਾਗਤ ਢੰਗ ਨਾਲ ਕੱਪੜਾ ਤਿਆਰ ਕਰਕੇ ਰੋਜ਼ੀ ਕਮਾ ਰਹੇ ਅਤੇ ਜੀਵਨ ਨਿਰਵਾਹ ਕਰਦੇ ਹਨ। ਚਰਖੇ ਨੂੰ ਅਜੇ ਵੀ ਤੇਜ਼ ਰਫਤਾਰ ਜ਼ਮਾਨੇ ਨਾਲ ਮਿਲਾ ਕੇ ਚਲਾਉਣ ਲਈ ਯਤਨਸ਼ੀਲ ਹਨ।

# ਸਫਾਈ ਪ੍ਰਤੀ ਅਵੇਸਲਾਪਣ ਕਿਉਂ?


-ਹਰਜੀਤ ਸਿੰਘ ਸਿੱਧੂ



ਭਾਰਤ ਵਿੱਚ ਹੋਰ ਸਮੱਸਿਆਵਾਂ ਦੇ ਨਾਲ ਸਾਨੂੰ ਪ੍ਰਦੂਸ਼ਣ ਦੀ ਸਮੱਸਿਆ ਨਾਲ ਵੀ ਜੂਝਣਾ ਪੈ ਰਿਹਾ ਹੈ। ਦੇਸ਼ ਦੀ ਵੱਧ ਆਬਾਦੀ ਕਾਰਨ ਪਾਣੀ, ਹਵਾ, ਮਿੱਟੀ ਅਤੇ ਆਵਾਜ਼ ਦੇ ਪ੍ਰਦੂਸ਼ਣ ਨਾਲੋਂ ਕੂੜੇ ਕਾਰਨ ਫੈਲਿਆ ਪ੍ਰਦੂਸ਼ਣ ਸਭ ਤੋਂ ਵੱਧ ਖਤਰਨਾਕ ਸਾਬਤ ਹੋ ਰਿਹਾ ਹੈ। ਬੇਲੋੜੇ ਪਲਾ-ਸਟਿਕ ਪਦਾਰਥਾਂ ਨੇ ਧਰਤੀ ਉਪਰ ਪਲਾਸਟਿਕ ਦੀ ਤਹਿ ਕਾਇਮ ਕਰ ਦਿੱਤੀ ਹੈ, ਜਿਸ ਨੇ ਧਰਤੀ ਦੀ ਪਾਣੀ ਸੋਖਣ ਸਮਰੱਥਾ ਖਤਰਨਾਕ ਹੱਦ ਤੱਕ ਘਟਾ ਦਿੱਤੀ ਹੈ। ਇਸ ਦਾ ਨਤੀਜਾ ਇਹ ਹੈ ਕਿ ਮੀਂਹ ਦਾ ਪਾਣੀ ਧਰਤੀ ਹੇਠਲੇ ਪਾਣੀ ਦੇ ਲੈਵਲ ਦਾ ਵਾਧਾ ਨਹੀਂ ਕਰ ਰਿਹਾ। ਕਈ ਰਾਜ ਸਰਕਾਰਾਂ ਨੇ ਪਲਾਸਟਿਕ ਦੇ ਲਿਫਾਫਿਆਂ ਉਪਰ ਪਾਬੰਦੀ ਲਾਉਣ ਦੇ ਯਤਨ ਕੀਤੇ। ਪ੍ਰਦੂਸ਼ਣ ਸਮੱਸਿਆ ਅਤੇ ਕੂੜੇ ਦੇ ਨਿਪਟਾਰੇ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ। ਵੱਖ-ਵੱਖ ਮੀਡੀਆ ਸਾਧਨਾਂ ਰਾਹੀਂ ਇਸ ਬਿਪਤਾ ਨਾਲ ਨਜਿੱਠਣ ਲਈ ਜਨਤਾ ਤੋਂ ਸਹਿਯੋਗ ਮੰਗਿਆ, ਪਰ ਅਨਪੜ੍ਹਤਾ, ਗਰੀਬੀ, ਜ਼ਿੰਮੇਵਾਰੀ ਦੇ ਅਹਿਸਾਸ ਦੀ ਘਾਟ ਅਤੇ ਕਾਨੂੰਨੀ ਢਿੱਲ ਕਾਰਨ ਫਿਰ ਪਰਨਾਲਾ ਉਥੇ ਦਾ ਉਥੇ ਹੈ। ਵੱਖ-ਵੱਖ ਜਥੇਬੰਦੀਆਂ ਅਤੇ ਸਰਕਾਰੀ ਅਦਾਰਿਆਂ ਵੱਲੋਂ ਆਪਣੇ-ਆਪਣੇ ਇਲਾਕੇ ਨੂੰ ਕੂੜਾ ਮੁਕਤ ਕਰਨ ਦੀਆਂ ਚਲਾਈਆਂ ਗਈਆਂ ਅਨੇਕਾਂ ਸਕੀਮਾਂ ਅਧਵਾਟੇ ਦਮ ਤੋੜ ਦਿੰਦੀਆਂ ਹਨ ਕਿਉਂਕਿ ਅਸੀਂ ਇਨ੍ਹਾਂ ਸਕੀਮਾਂ ਦੀ ਮਹੱਤਤਾ ਸਮਝੇ ਬਗੈਰ ਹੀ ਆਪਣਾ ਸਹਿਯੋਗ ਦੇਣ ਤੋਂ ਹੱਥ ਪਿੱਛੇ ਖਿੱਚ ਲੈਂਦੇ ਹਾਂ। ਅਸੀਂ ਆਪਣੀ ਮਾਨਸਿਕਤਾ ਅਨੁਸ-ਾਰ ਕੇਵਲ ਆਪਣੇ ਘਰ ਅਤੇ ਇਸ ਦੇ ਆਲੇ ਦੁਆਲੇ ਨੂੰ ਸਾਫ ਰੱਖਣ ਤੱਕ ਸੀਮਤ ਹੋ ਕੇ ਰਹਿ ਗਏ ਹਾਂ।

ਇਹ ਵੀ ਕੌੜੀ ਸੱਚਾਈ ਹੈ ਕਿ ਸਾਡੇ ਵਿੱਚੋਂ ਬਹੁਤ ਲੋਕ ਅਜੇ ਆਪਣੇ ਘਰ ਦਾ ਕੂੜਾ ਗਲੀ ਜਾਂ ਖਾਲੀ ਪਲਾਟ ਵਿੱਚ ਜਾਂ ਅੱਖ ਬਚਾ ਕੇ ਗੁਆਂਢੀਆਂ ਦੇ ਘਰਾਂ ਅੱਗੇ ਸੁੱਟ ਕੇ ਖੁਸ਼ੀ ਮਹਿਸੂਸ ਕਰਨ ਲੱਗਦੇ ਹਨ। ਅਨੇਕਾਂ ਵੱਡੇ ਸ਼ਹਿਰਾਂ ਵਿੱਚ ਕੂੜੇ ਨੂੰ ਸਹੀ ਥਾਂ 'ਤੇ ਨਾ ਸੁੱਟਣ ਦੀ ਸਮੱਸਿਆ ਦਿਨੋਂ ਦਿਨ ਭਿਅੰਕਰ ਰੂਪ ਧਾਰਨ ਕਰਦੀ ਜਾ ਰਹੀ ਹੈ। ਕੂੜੇ ਦੇ ਸਹੀ ਢੰਗ ਨਾਲ ਨਿਪਟਾਰੇ ਪ੍ਰਤੀ ਪੜ੍ਹੇ ਲਿਖੇ ਲੋਕਾਂ ਦੀ ਬਹੁ ਗਿਣਤੀ ਦੀ ਸੋਚ ਜਿਥੇ ਹਾਂ ਪੱਖੀ ਬਣਦੀ ਜਾਂਦੀ ਹੈ, ਉਥੇ ਇਹ ਵੀ ਸੱਚਾਈ ਹੈ ਕਿ ਇਸ ਵਰਗ ਦੇ ਕੁਝ ਪ੍ਰਤੀਸ਼ਤ ਲੋਕ ਅਜੇ ਵੀ ਆਪਣੇ ਘਰ ਦਾ ਕੂੜਾ ਆਪਣੀ ਮਰਜ਼ੀ ਨਾਲ ਇਧਰ ਉਧਰ ਜਾਂ ਖਾਲੀ ਥਾਂ ਸੁੱਟਦੇ ਹਨ। ਇਸ ਤਰ੍ਹਾਂ ਕਰਕੇ ਉਹ ਕੂੜਾ ਚੁੱਕਣ ਵਾਲੇ ਨੂੰ ਮਹੀਨੇ ਬਾਅਦ ਦੇਣ ਵਾਲੇ ਆਪਣੇ ਕੁਝ ਰੁਪਏ ਬਚਾ ਲੈਂਦੇ ਹਨ, ਪਰ ਇਸ ਤਰ੍ਹਾਂ ਆਪਣੇ ਆਲੇ ਦੁਆਲੇ ਨੂੰ ਗੰਦਾ ਤੇ ਦੂਸ਼ਿਤ ਕਰਨ ਦਾ ਕਲੰਕ ਵੀ ਖੱਟ ਲੈਂਦੇ ਹਨ।

ਮਹਾਨਗਰਾਂ ਵਿੱਚ ਝੁੱਗੀਆਂ ਝੌਂਪੜੀਆਂ ਵਿੱਚ ਜਾਂ ਸੜਕਾਂ ਕਿਨ-ਾਰੇ ਰਹਿਣ ਵਾਲੇ ਬੇਘਰੇ ਲੋਕ ਆਪਣੇ ਆਸੇ ਪਾਸੇ ਦੀ ਹਰੇਕ ਥਾਂ ਨੂੰ ਕੂੜੇ ਨਾਲ ਭਰ ਦਿੰਦੇ ਹਨ। ਇਸ ਦਿਸ਼ਾ ਵਿੱਚ ਕਾਨੂੰਨ ਦੀ ਢਿੱਲ ਮੱਠ ਅਤੇ ਲੋੜੀਂਦੇ ਫੰਡਾਂ ਦੀ ਘਾਟ ਨੂੰ ਵੀ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ। ਇਸ ਸਮੱਸਿਆ ਦਾ ਸਭ ਤੋਂ ਵੱਧ ਮਾਰੂ ਅਸਰ ਟੂਰਿਸਟ ਥਾਵਾਂ ਵਾਲੇ ਸ਼ਹਿਰਾਂ ਉਪਰ ਪੈ ਰਿਹਾ ਹੈ। ਕਿਸੇ ਨਵੇਂ ਥਾਂ ਜਾ ਕੇ ਸਾਨੂੰ ਚੰਗੇ ਨਾਗਰਿਕ ਵਾਲਾ ਵਤੀਰਾ ਅਪਨਾਉਣਾ ਚਾਹੀਦਾ ਹੈ। ਹਰ ਟੂਰਿਸਟ ਥਾਂ 'ਤੇ ਕੂੜਾ ਸੁੱਟਣ ਲਈ ਵਿਸ਼ੇਸ਼ ਕੂੜਾਦਾਨ ਰੱਖੇ ਹੁੰਦੇ ਹਨ, ਪਰ ਅਸੀਂ ਲੋਕ ਇਨ੍ਹਾਂ ਦੀ ਵਰਤੋਂ ਨਾ ਕਰਦੇ ਹੋਏ ਲਾਪ੍ਰਵਾਹੀ ਨਾਲ ਕੂੜਾ ਇਧਰ ਉਧਰ ਸੁੱਟ ਦਿੰਦੇ ਹਾਂ। ਹੋਣਾ ਇਹ ਚਾਹੀਦਾ ਹੈ ਕਿ ਜਦੋਂ ਕਿਧਰੇ ਘੁੰਮਣ ਜਾਂਦੇ ਹਾਂ ਤਾਂ ਸਾਨੂੰ ਉਸ ਥਾਂ ਦੀ ਸਫਾਈ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਇਹ ਕੌੜਾ ਸੱਚਾ ਹੈ ਕਿ ਅਨੇਕਾਂ ਕਿਸਮਾਂ ਦੇ ਯਤਨ ਦੇ ਬਾਵਜੂਦ ਸਫਾਈ ਮੁਹਿੰਮਾਂ ਪ੍ਰਤੀ ਸਾਡੀ ਸੋਚ ਅਤੇ ਸਹਿਯੋਗ ਕਾਫੀ ਹੱਦ ਤੱਕ ਅਫਸੋਸਨਾਕ ਅਤੇ ਨਿਰਾਸ਼ਾ ਜਨਕ ਹੈ। ਇਸ ਲਈ ਦੇਸ਼ ਨੂੰ ਸਾਫ ਸੁਥਰਾ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਸਹਿਯੋਗ ਕਰਨਾ ਚਾਹੀਦਾ ਹੈ।




ਭੀਲੇ ਰੋਸੇ ਨਾ ਦੇ ਦੋ ਪਿੰਡ ਮਾਗਾ ਕਸੂਰ ਰੋਡ ਉੱਤੇ ਪੱਕੀ ਸੜਕ ਤੋਂ ਕੋਈ ਚਾਰ ਕਿਲੋਮੀਟਰ ਪਿਛਾਂਹ ਹਟਵੇਂ ਹਨ । ਇਨ੍ਹਾਂ ਵਿੱਚੋਂ ਪਿੰਡ ਭੈਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁੰਦਰ ਗੁਰਦੁਆਰਾ ਸੀ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਾਗੇ ਤੋਂ ਰਾਮ ਥੰਮਣ ਜਾਦੇ ਹੋਏ ਇੱਥੇ ਬਿਰਾਜੇ ਸਨ। ਇਸ ਗੁਰਦੁਆਰੇ ਦਾ ਹੁਣ ਕੇਵਲ ਮੁੱਖ ਦੁਆਰ ਬਚਿਆ ਹੈ। ਰਿਹਾਇਸ਼ੀ ਮਕਾਨਾਂ ਵਿੱਚ ਸ਼ਰਨਾਰਥੀ ਵਸੇ ਹੋਏ ਹਨ। ਪ੍ਰਕਾਸ਼ ਅਸਥਾਨ ਅਲੋਪ ਹੋ ਚੁੱਕਿਆ ਹੈ ।

# ਗਰੀਬੂ ਦੀ ਹਵੇਲੀ: ਗੜ੍ਹੀ ਚਮਕੌਰ ਸਾਹਿਬ

-ਬਹਾਦਰ ਸਿੰਘ ਗੋਸਲ

ਪੁਰਾਣੇ ਸਮਿਆਂ ਵਿੱਚ ਪਿੰਡਾਂ ਦੇ ਕੁਝ ਰੱਜੇ-ਪੁੱਜੇ ਵੱਡੇ ਜ਼ਿਮੀਂਦਾਰ ਜਾਂ ਚੌਧਰੀ ਬਹੁਤਾਤ ਵਿਚ ਰੱਖੇ ਡੰਗਰ-ਪਸ਼ੂਆਂ ਦੀ ਸੰਭਾਲ ਲਈ ਤਬੇਲੇ ਵਰਗੀ ਹਵੇਲੀ ਬਣਾ ਲੈਂਦੇ ਸਨ। ਪਰਿਵਾਰ ਅਤੇ ਪਸ਼ੂਆਂ ਦੀ ਰਾਖੀ ਲਈ ਹਵੇਲੀ ਬੜੀ ਕਾਰਗਰ ਹੁੰਦੀ ਸੀ। ਆਮ ਤੌਰ ਉੱਤੇ ਇਹ ਹਵੇਲੀਆਂ ਕੱਚੀਆਂ ਹੁੰਦੀਆਂ, ਪਰ ਇਨ੍ਹਾਂ ਦੀਆਂ ਕੰਧਾਂ ਮੋਟੀਆਂ ਤੇ ਉੱਚੀਆਂ ਬਣਾਈਆਂ ਜਾਂਦੀਆਂ ਸਨ। ਚਮਕੌਰ ਸਾਹਿਬ ਦੀ ਹਵੇਲੀ ਵੀ ਇਸੇ ਤਰ੍ਹਾਂ ਦੀ ਸੀ। ਸੱਤ-ਅੱਠ ਕਨਾਲਾਂ ਵਿੱਚ ਬਣੀ ਇਹ ਹਵੇਲੀ ਕਾਫ਼ੀ ਉੱਚੀ ਥਾਂ ਬਣਾਈ ਗਈ ਸੀ। ਇਸ ਦੀ ਬਣਤਰ ਦੀ ਵਿਉਂਤਬੰਦੀ ਵੀ ਸੁਰੱਖਿਆ ਬਾਰੇ ਬਹੁਤ ਸੁਚੱਜੀ ਸੀ।

ਦੋ-ਤਿੰਨ ਮੰਜ਼ਿਲਾਂ ਦੀ ਬਣੀ ਇਸ ਹਵੇਲੀ ਉੱਤੇ ਇੱਕ ਉੱਚੀ ਅਟਾਰੀ ਸੀ, ਜਿੱਥੋਂ ਦੂਰ ਦੂਰ ਤੱਕ ਆਲੇ-ਦੁਆਲੇ ਦੇ ਇਲਾਕੇ ਦੇਖੇ ਜਾ ਸਕਦੇ ਸਨ। ਇਸ ਦੇ ਉੱਤਰ ਵਾਲੇ ਪਾਸੇ ਕਾਫੀ ਨਿਵਾਣ ਤੇ ਪੂਰਬੀ ਹਿੱਸੇ ਵਿੱਚ ਪਿੰਡ ਚਮਕੌਰ ਵੱਸਿਆ ਹੋਇਆ ਸੀ। ਜਦੋਂ ਗੁਰੂ ਗੋਬਿੰਦ ਸਿੰਘ 7 ਪੋਹ ਸੰਮਤ 1761 ਨੂੰ ਆਨੰਦਪੁਰ ਸਾਹਿਬ ਤੋਂ ਚੱਲ ਕੇ ਰੋਪੜ ਵਿੱਚੋਂ ਹੁੰਦੇ ਹੋਏ ਇਸ ਪਿੰਡ ਪਹੁੰਚੇ ਤਾਂ ਉਨ੍ਹਾਂ ਨੇ ਦੋ ਭਰਾਵਾਂ ਚੌਧਰੀ ਬੁੱਧੀ ਚੰਦ ਤੇ ਗਰੀਬੂ ਦੀ ਸਾਂਝੀ ਹਵੇਲੀ ਵਿੱਚ ਟਿਕਾਣਾ ਕੀਤਾ। ਚੌਧਰੀ ਨੇ ਇਹ ਹਵੇਲੀ ਦੇਣ ਤੋਂ ਨਾਂਹ ਕਰ ਦਿੱਤੀ ਸੀ, ਪਰ ਗਰੀਬੂ ਨੇ ਹਵੇਲੀ ਗੁਰੂ ਜੀ ਨੂੰ ਦੇ ਦਿੱਤੀ ਤਾਂ ਕਿ ਉਹ ਆਪਣੇ ਦੋਵੇ ਸਾਹਿਬਜ਼ਾਦਿਆਂ ਤੇ 40 ਸਿੰਘਾਂ ਨਾਲ ਵਿਸ਼ਰਾਮ ਕਰ ਸਕਣ। ਦੁਸ਼ਮਣਾਂ ਦੀ ਦਸ ਲੱਖ ਤੋਂ ਵੀ ਵੱਧ ਫ਼ੌਜ ਨੇ ਇਸ ਹਵੇਲੀ ਨੂੰ ਘੇਰਾ ਪਾ ਲਿਆ। ਇੱਥੇ ਹੋਈ ਜੰਗ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਸਮੇਤ ਹੋਰ ਸਿੰਘਾਂ ਨੇ ਸੂਰਬੀਰਤਾ ਦਿਖਾਈ ਤੇ ਸ਼ਹੀਦੀਆਂ ਪ੍ਰਾਪਤ ਕਰ ਲਈਆਂ। ਪ੍ਰੋਫੈਸਰ ਸਾਹਿਬ ਸਿੰਘ ਅਨੁਸਾਰ ਜੇ ਦੁਸ਼ਮਣਾਂ ਦਾ ਸੌ ਬੰਦਾ ਕਹੀਆਂ ਲੈ ਕੇ ਉਸ ਹਵੇਲੀ ਦੀ ਕੰਧ ਨੂੰ ਢਾਹੁਣ ਲੱਗ ਪੈਂਦਾ ਤਾਂ ਦੋ ਘੰਟੇ ਨਾ ਲੱਗਦੇ ਅਤੇ ਕੰਧਾਂ ਡਿੱਗ ਪੈਂਦੀਆਂ, ਪਰ ਸਿੰਘਾਂ ਸੂਰਮਿਆਂ ਨੇ ਦੁਸ਼ਮਣਾਂ ਨੂੰ ਹਵੇਲੀ ਨੇੜੇ ਨਹੀਂ ਢੁੱਕਣ ਦਿੱਤਾ।

ਵੱਡੇ ਸਾਹਿਬਜ਼ਾਦਿਆਂ ਅਤੇ ਦੂਜੇ ਸਿੰਘਾਂ ਦੀਆਂ ਸ਼ਹੀਦੀਆਂ ਤੋਂ ਬਾਅਦ ਜਦੋਂ ਸਿਰਫ 11 ਸਿੰਘ ਰਹਿ ਗਏ ਤਾਂ ਗੁਰੂ ਗੋਬਿੰਦ ਸਿੰਘ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਦੇ ਹਵੇਲੀ ਛੱਡਣ ਦਾ ਫੈਸਲਾ ਕੀਤਾ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਰਾਤ ਨੂੰ ਤਾੜੀ ਮਾਰ ਕੇ ਚਮਕੌਰ ਤੋਂ ਨਿਕਲ ਗਏ। ਫਿਰ ਪਿੱਛੇ ਬਚੇ ਅੱਠੇ ਸਿੰਘ ਵੀ ਵੈਰੀਆਂ ਨਾਲ ਮੁਕਾਬਲਾ ਕਰਦੇ ਸ਼ਹੀਦੀਆਂ ਪਾ ਗਏ। ਚਮਕੌਰ ਦੇ ਯੁੱਧ ਕਾਰਨ ਭਾਈ ਗਰੀਬੂ ਦੀ ਇਹ ਹਵੇਲੀ ਸਿੱਖ ਇਤਿਹਾਸ ਲਈ ਅਦੁੱਤੀ ਥਾਂ ਬਣ ਗਈ ਅਤੇ ਇਸ ਦੇ ਮਾਲਕ ਭਾਈ ਗਰੀਬੂ ਦਾ ਨਾਂ ਸਿੱਖ ਇਤਿਹਾਸ ਵਿੱਚ ਅਮਰ ਹੋ ਗਿਆ। ਭਾਵੇਂ ਇਸ ਹਵੇਲੀ ਦੀਆਂ ਕੰਧਾਂ ਕੱਚੀਆਂ ਗਾਰੇ ਦੀਆਂ ਸਨ, ਪਰ ਜਿਸ ਤਰ੍ਹਾਂ ਫ਼ੌਜ ਦੀ ਗਿਣਤੀ ਗੁਰੂ ਜੀ ਨੇ ਜ਼ਫ਼ਰਨਾਮੇ ਵਿਚਲੇ ਕਥਨ ਅਨੁਸਾਰ ਦੱਸ ਲੱਖ ਦੱਸੀ ਹੈ, ਫਿਰ ਵੀ ਸਿਰਲੱਥ ਯੋਧਿਆਂ ਨੇ ਦੁਸ਼ਮਣ ਨੂੰ ਇਸ ਦੇ ਨੇੜੇ ਨਾ ਢੁੱਕਣ ਦਿੱਤਾ। ਇਹੀ ਸਥਾਨ ਸੀ, ਜਿੱਥੇ ਗੁਰੂ ਜੀ ਨੇ ਪੰਜ ਸਿੰਘਾਂ ਨੂੰ ਗੜ੍ਹੀ ਦੀ ਅਟਾਰੀ ਵਿਚਲੇ ਆਪਣੇ ਆਸਣ ਉਪਰ ਬਿਠਾਇਆ ਤੇ ਖਾਲਸਾ ਪੰਥ ਨੂੰ ਗੁਰਿਆਈ ਦਿੱਤੀ ਸੀ।

ਪੁਰਾਣੀਆਂ ਇੱਟਾਂ ਦੀ ਬਣੀ ਇਸ ਅਟਾਰੀ ਵਿੱਚ ਉਚਾਈ ਉੱਤੇ ਦਰਵਾਜ਼ਾ ਸੀ, ਜੋ ਪਾਣੀ ਦੀ ਖੂਹੀ ਵੱਲ ਖੁੱਲ੍ਹਦਾ ਸੀ। ਇਹ ਖੂਹੀ ਗੁਰਦੁਆਰਾ ਭਾਈ ਸੰਗਤ ਸਿੰਘ ਦੇ ਅਸਥਾਨ ਉਤੇ ਅੱਜ ਵੀ ਦੇਖਣ ਨੂੰ ਮਿਲਦੀ ਹੈ। ਗੁਰੂ ਜੀ ਦੇ ਹਵੇਲੀ ਵਿੱਚ ਠਹਿਰਨ ਸਮੇਂ ਉਨ੍ਹਾਂ ਲਈ, ਸਾਹਿਬਜ਼ਾਦਿਆਂ ਤੇ ਸਿੰਘਾਂ ਲਈ ਪਾਣੀ ਦਾ ਇਕੋ ਸੋਮਾ ਇਹ ਖੂਹੀ ਸੀ। ਲੇਖਕ ਨੂੰ ਉਹ ਪੁਰਾਣੀ ਹਵੇਲੀ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਸੀ, ਜਿੱਥੇ ਉਪਰ ਜਾ ਕੇ ਦੂਰ ਦੂਰ ਤੱਕ ਰੇਤ ਦੇ ਟਿੱਬੇ ਨਜ਼ਰ ਆਉਂਦੇ ਸਨ। ਉਹ ਵਿਰਾਸਤੀ ਹਵੇਲੀ ਢਾਹ ਕੇ ਗੁਰਦੁਆਰੇ ਦੀ ਇਮਾਰਤ ਬਣਾ ਦਿੱਤੀ ਹੈ। ਭਾਵੇਂ ਗੁਰਦੁਆਰੇ ਦੀ ਇਮਾਰਤ ਸੁੰਦਰ ਤੇ ਸ਼ਾਨਦਾਰ ਹੈ, ਪਰ ਹਵੇਲੀ ਸੰਗਤ ਨੂੰ ਦੇਖਣ ਨੂੰ ਨਹੀਂ ਮਿਲਦੀ। ਸਾਨੂੰ ਅਜਿਹੀਆਂ ਵਿਰਾਸਤੀ ਇਮਾਰਤਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਤੋਂ ਜਾਣੂ ਹੋ ਕੇ ਇਸ ਤੋਂ ਕੁੱਝ ਸਿੱਖ ਸਕਣ।

# ਗੁਰੂ-ਚੇਲੇ ਦਾ ਰਿਸ਼ਤਾ

-ਗੁਰਦੀਪ ਕੌਰ

ਅੱਜ ਸਾਡਾ ਸਮਾਜ ਕਿਸ ਦਿਸ਼ਾ ਵੱਲ ਜਾ ਰਿਹਾ ਹੈ? ਇਹ ਸਵਾਲ ਬਹੁਤ ਵੱਡਾ ਬਣ ਗਿਆ ਹੈ। ਅਧਿਆਪਕ ਨੂੰ ਦੇਸ਼ ਵਿੱਚ ਬਹੁਤ ਉਚਾ ਦਰਜਾ ਦਿੱਤਾ ਜਾਂਦਾ ਰਿਹਾ ਹੈ, ਪਰ ਅੱਜ ਇਸ ਵਿੱਚ ਇੰਨਾ ਨਿਘਾਰ ਆ ਗਿਆ ਹੈ ਕਿ ਟੀਚਰਾਂ ਨੂੰ ਨਿਸ਼ਾਨਾ ਬਣਾ ਕੇ ਸਕੂਲਾਂ ਨੂੰ ਜਿੰਦੇ ਲਾਉਣ ਦੇ ਦਿਨ ਆਉਣ ਲੱਗੇ ਹਨ। ਇਸ ਵਰਤਾਰੇ ਨੇ ਇਸ ਮਾਣਮੱਤੇ ਕਿੱਤੇ ਨੂੰ ਡਾਢੀ ਢਾਹ ਲਾਈ ਹੈ। ਇਹੀ ਨਹੀਂ, ਅਧਿਆਪਕਾਂ ਉਤੇ ਵਿਦਿਆਰਥੀਆਂ ਨਾਲ ਜਿਨਸੀ ਸ਼ੋਸ਼ਣ ਦੀਆਂ ਖ਼ਬਰਾਂ ਨੇ ਗੁਰੂ-ਚੇਲੇ ਦੇ ਰਿਸ਼ਤੇ ਨੂੰ ਤਾਰ-ਤਾਰ ਕਰ ਦਿੱਤਾ ਹੈ। ਦੇਸ਼ ਦੀ ਆਜ਼ਾਦੀ ਦੇ ਬਾਅਦ ਤੋਂ ਇਸ ਕਿੱਤੇ ਨੂੰ ਇੰਨਾ ਮਾਣ ਮਿਲਦਾ ਸੀ ਕਿ ਇਸ ਕਿੱਤੇ ਨਾਲ ਜੁੜੇ ਲੋਕਾਂ ਨੂੰ ਮਾਣਯੋਗ ਅਹੁਦਿਆਂ ਤੇ ਬਿਠਾਇਆ ਜਾਂਦਾ ਸੀ। ਬੱਚਿਆਂ ਨੂੰ ਪੜ੍ਹਾ ਕੇ ਜ਼ਿੰਦਗੀ ਵਿੱਚ ਕਾਮਯਾਬ ਕਰਨਾ, ਉਨ੍ਹਾਂ ਲਈ ਰਾਹ-ਦਸੇਰਾ ਬਣਨਾ ਕੋਈ ਕਿੱਤਾ ਨਹੀਂ, ਉਦੇਸ਼ ਸਮਝਿਆ ਜਾਂਦਾ ਸੀ। ਮਰਹੂਮ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਨ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸ ਕਿੱਤੇ ਨਾਲ ਜੁੜੇ ਰਹੇ ਹਨ।

ਪੰਜਾਬ ਦੇ ਸਿੱਖਿਆ ਮੰਤਰੀ ਵੱਲੋਂ ਅਧਿਆਪਕਾਂ ਵਿਰੁੱਧ ਮੰਦੀ ਸ਼ਬਦਾਵਲੀ ਬੋਲਣ ਦੇ ਲੱਗਦੇ ਦੋਸ਼ ਅਤੇ ਨਿੱਤ ਹੁੰਦੇ ਧਰਨੇ-ਮੁਜ਼ਾਹਰਿਆਂ ਨੇ ਸਿਰਫ਼ ਸਿੱਖਿਆ ਮੰਤਰੀ ਨੂੰ ਹੀ ਨਹੀਂ, ਬਲਕਿ ਪੰਜਾਬ ਸਰਕਾਰ ਦੀ 'ਨੇਕ ਨੀਅਤੀ' ਨੂੰ ਵੀ ਕਿੱਤੇ ਨਾ ਕਿੱਤੇ ਉਜਾਗਰ ਕਰ ਦਿੱਤਾ ਹੈ। ਜੇ ਗੱਲ ਨਿਰੋਲ ਵਿਦਿਆ ਦੀ ਕਰੀਏ ਤਾਂ ਵਿੱਦਿਆ ਜੀਵਨ ਲਈ ਉਹ ਚਾਨਣ ਮੁਨਾਰਾ ਹੈ ਜਿਸ ਤੋਂ ਬਿਨਾ ਜੀਵਨ ਹਨੇਰਾ ਹੈ। ਵਿੱਦਿਆ, ਵਿਦਿਆਰਥੀ ਤੇ ਅਧਿਆਪਕ ਆਪਸ ਵਿੱਚ ਜੁੜੀਆਂ ਉਹ ਕੜੀਆਂ ਹਨ ਜੋ ਮਿਲ ਕੇ ਆਪੋ-ਆਪਣੀ ਭੂਮਿਕਾ ਅਦਾ ਕਰਦੀਆਂ ਹਨ। ਵਿਦਿਆਰਥੀ ਦੇ ਜੀਵਨ ਵਿੱਚ ਵਕਤ ਦੇ ਨਾਲ ਅਧਿਆਪਕ ਆਉਂਦੇ ਹਨ ਅਤੇ ਆਪਣੀ ਛਾਪ ਛੱਡ ਕੇ ਚਲੇ ਜਾਂਦੇ ਹਨ। ਹਰ ਨਵੀਂ ਜਮਾਤ, ਨਵੇਂ ਵਿਸ਼ੇ ਅਤੇ ਅਧਿਆਪਕ ਵਿਦਿਆਰਥੀ ਦਾ ਸਵਾਗਤ ਕਰਦੇ ਹਨ। ਇਸ ਤਰ੍ਹਾਂ ਵਿਦਿਆਰਥੀ ਜੀਵਨ ਵਿੱਚ ਅੱਗੇ ਵਧਦਾ ਹੋਇਆ ਆਪਣੀ ਮੰਜ਼ਿਲ ਤੇ ਪਹੁੰਚਦਾ ਹੈ।

ਸਕੂਲੀ ਜੀਵਨ ਯਾਦਾਂ ਦਾ ਯਾਦਗਾਰ ਹਿੱਸਾ ਹੁੰਦਾ ਹੈ ਜਿਸ ਨੂੰ ਅਸੀਂ ਆਪਣੇ ਅੰਤ ਤੱਕ ਨਹੀਂ ਭੁੱਲਦੇ ਪਰ ਅਜਿਹਾ ਕਿਉਂ ਹੁੰਦਾ ਹੈ ਕਿ ਸੈਂਕੜੇ ਅਧਿਆਪਕਾਂ ਵਿੱਚੋਂ ਕੁਝ ਹੀ ਯਾਦ ਰਹਿ ਜਾਂਦੇ ਹਨ ਬਾਕੀਆਂ ਦੀ ਛਾਪ ਦਿਲ ਦਿਮਾਗ ਵਿੱਚੋਂ ਪੂਰੀ ਤਰ੍ਹਾਂ ਧੁੰਦਲੀ ਪੈ ਜਾਂਦੀ ਹੈ। ਇੱਕ ਉਹ ਅਧਿਆਪਕ ਹੁੰਦੇ ਹਨ ਜੋ ਸਿਰਫ਼ ਆਪਣੇ ਵਿਸ਼ੇ ਨੂੰ ਨਹੀਂ ਪੜ੍ਹਾਉਂਦੇ ਬਲਕਿ ਉਸ ਨੂੰ ਇੰਨਾ ਦਿਲਚਪ ਬਣਾ ਦਿੰਦੇ ਹਨ ਕਿ ਅਸੀਂ ਉਨ੍ਹਾਂ ਦੇ ਬੋਲਾਂ ਨੂੰ ਸੁਣਨਾ ਚਾਹੁੰਦੇ ਹਾਂ ਅਤੇ ਉਨ੍ਹਾਂ ਨੂੰ ਉਡੀਕਦੇ ਹਾਂ। ਉਨ੍ਹਾਂ ਦੀਆਂ ਸੜਕਾਂ ਝਿੜਕਾਂ ਵੀ ਮਿੱਠੀਆਂ ਲਗਦੀਆਂ ਹਨ। ਉਹ ਸਾਨੂੰ ਮਾਂ ਵਾਂਗ ਪਿਆਰ ਕਰਦੇ ਹਨ ਤੇ ਵਿਦਿਆਰਥੀ ਦੇ ਦਿਲ ਵਿੱਚ ਬਾਪ ਵਰਗ ਡਰ ਵੀ ਰੱਖਦੇ ਹਨ। ਵਿਦਿਆਰਥੀ ਉਸ ਵਿਸ਼ੇ ਵਿੱਚ ਆਪਣੇ ਆਪ ਉਨ੍ਹਾਂ ਉਚਾਈਆਂ ਤੇ ਲੈ ਜਾਂਦਾ ਹੈ ਜਿਸ ਲਈ ਬਾਕੀ ਵਿਸ਼ਿਆਂ ਵਿੱਚ ਸ਼ਾਇਦ ਉਹ ਮਿਹਨਤ ਕਰਕੇ ਵੀ ਨਹੀਂ ਪਹੁੰਚਦਾ। ਉਹ ਅਧਿਆਪਕ ਵਿਦਿਆਰਥੀ ਦੇ ਜੀਵਨ ਵਿੱਚ ਮਿਸਾਲ ਬਣਦੇ ਹਨ ਜਿਸ ਦੀ ਗੱਲ ਉਹ ਅਕਸਰ ਆਪਣੇ ਹਮ-ਉਮਰਾਂ ਨਾਲ ਕਰਦਾ ਹੈ।

ਅੱਜ 21ਵੀਂ ਸਦੀ ਦੇ ਕਈ ਵਿਦਿਆਰਥੀਆਂ ਲਈ ਪੜ੍ਹਾਈ ਬੋਝ ਬਣ ਗਈ ਹੈ। ਇਹ ਵਿਦਿਆਰਥੀ ਅਧਿਆਪਕ ਦਾ ਮਜ਼ਾਕ ਉਡਾਉਂਦਾ ਹੈ, ਉਸ ਨਾਲ ਬੇਲੋੜੇ ਸਵਾਲ ਜਵਾਬ ਕਰਦਾ ਹੈ, ਉਸਦਾ ਕਹਿਣਾ ਨਾ ਮੰਨਣ ਨੂੰ ਆਪਣਾ ਅਧਿਕਾਰ ਸਮਝਦਾ ਹੈ। ਸਮਾਜ ਵਿੱਚ ਜਿਸ ਅਧਿਆਪਕ ਨੂੰ ਰੱਬ ਸਮਾਨ ਮੰਨ ਕੇ ਉਸ ਦਾ ਸਤਿਕਾਰ ਕੀਤਾ ਜਾਂਦਾ ਸੀ, ਉਸ 'ਤੇ ਹੱਥ ਚੁੱਕਣ ਦੀਆਂ ਘਟਨਾਵਾਂ ਵੀ ਸਕੂਲਾਂ ਵਿੱਚ ਆਮ ਸੁਣਨ-ਪੜ੍ਹਨ ਨੂੰ ਮਿਲਦੀਆਂ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਜਿੱਥੇ ਵਿਦਿਆਰਥੀਆਂ ਦੇ ਅਕਸ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਦੀਆਂ ਹਨ, ਉਥੇ ਮਾਂ-ਬਾਪ ਅਤੇ ਅਧਿਆਪਕਾਂ ਵਿੱਚ ਨਮੋਸ਼ੀ ਵੀ ਪੈਦਾ ਕਰਦੀਆਂ ਹਨ। ਸਾਰੇ ਵਿਦਿਆਰਥੀ ਭਾਵੇਂ ਇਸ ਤਰ੍ਹਾਂ ਦੀ ਸੋਚ ਦੇ ਧਾਰਨੀ ਨਹੀਂ ਪਰ ਅਜਿਹੀ ਸੋਚ ਦੇ ਧਾਰਨੀ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਵਿਦਿਆਰਥੀਆਂ ਅੰਦਰ 'ਘਰ' ਕਰ ਗਈ ਅਜਿਹੀ ਬਿਰਤੀ ਨੂੰ ਬਾਹਰ ਕੱਢਣ ਲਈ ਅਧਿਆਪਨ ਕਿੱਤੇ ਨਾਲ ਜੁੜੇ ਲੋਕਾਂ ਨੂੰ ਹੀ ਨਹੀਂ, ਬਲਕਿ ਮਾਪਿਆਂ ਨੂੰ ਵੀ ਅੱਗੇ ਆਉਣਾ ਪਵੇਗਾ। ਕੋਈ ਵਿਦਿਆਰਥੀ ਤਾਂ ਹੀ ਜ਼ਿੰਦਗੀ ਵਿੱਚ ਸਫ਼ਲਤਾ ਹਾਸਲ ਕਰ ਸਕਦਾ ਹੈ, ਜੇ ਉਹ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਸਾਰਾ ਧਿਆਨ ਪੜ੍ਹਾਈ ਵੱਲ ਲਗਾਉਣ ਅਤੇ ਅਧਿਆਪਕਾਂ ਦੇ ਮਾਣ-ਸਤਿਕਾਰ ਨੂੰ ਠੇਸ ਨਾ ਪਹੁੰਚਾਉਣ।

## ਬਿਊਟੀ ਟਿਪਸ

ਚਿਹਰੇ 'ਤੇ ਚਮਕ ਲਿਆਉਣ ਦੇ ਲਈ ਅਤੇ ਸਮੇਂ ਤੋਂ ਪਹਿਲਾਂ ਝੁਰੜੀਆਂ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਆਈਸ ਕਿਊਬਸ ਲਗਾਓ।

* ਇੱਕ ਸੂਤੀ ਰੁਮਾਲ ਵਿੱਚ ਇੱਕ ਆਈਸ ਕਿਊਬ ਨੂੰ ਕਵਰ ਕਰਨ ਦੇ ਬਾਅਦ ਅੱਖਾਂ ਦੇ ਆਸਪਾਸ ਦੋ ਤੋਂ ਤਿੰਨ ਮਿੰਟ ਤੱਕ ਮਸਾਜ ਕਰੋ। ਅਜਿਹਾ ਕਰਨ ਨਾਲ ਸ਼ੁਰੂ ਵਿੱਚ ਤਾਂ ਸ਼ਾਇਦ ਸਕਿਨ ਸੁੰਨ ਪੈ ਜਾਏ, ਪਰ ਬਾਅਦ ਵਿੱਚ ਕਾਫੀ ਆਰਾਮ ਮਿਲਦਾ ਹੈ।
* ਅੱਖਾਂ ਦੇ ਹੇਠਾਂ ਡਾਰਕ ਸਰਕਲ ਤੋਂ ਛੁਟਕਾਰੇ ਲਈ ਰੋਜ਼ ਵਾਟਰ ਨੂੰ ਆਈਸ ਟ੍ਰੇਅ ਵਿੱਚ ਪਾ ਕੇ ਉਸ ਦੇ ਕਿਊਬ ਤਿਆਰ ਕਰ ਲਓ ਤੇ ਰੋਜ਼ ਰਾਤ ਨੂੰ ਸੌਣ ਤੋਂ ਪਹਿਲਾਂ ਉਨ੍ਹਾਂ ਨਾਲ ਅੱਖਾਂ ਦੇ ਹੇਠਾਂ ਮਸਾਜ ਕਰੋ। ਡਾਰਕ ਸਰਕਲਸ ਦੇ ਨਾਲ ਅੱਖਾਂ ਦੇ ਹੇਠਾਂ ਮਹਿਸੂਸ ਹੋਣ ਵਾਲੇ ਭਾਰੀਪਣ ਤੋਂ ਵੀ ਰਾਹਤ ਮਿਲੇਗੀ।
* ਆਲੂ ਦਾ ਰਸ ਕੱਢ ਕੇ ਫਰੀਜ ਕੀਤੇ ਹੋਏ ਕਿਊਬਸ ਨੂੰ ਦਿਨ ਵਿੱਚ ਦੋ-ਤਿੰਨ ਵਾਰ ਅੱਖਾਂ ਦੇ ਹੇਠਾਂ ਰਗੜਨ ਨਾਲ ਡਾਰਕ ਸਰਕਲਸ ਤੋਂ ਛੁਟਕਾਰਾ ਮਿਲਦਾ ਹੈ।

## ਸੂਜੀ ਦੇ ਉਤਪਮ

ਸਮੱਗਰੀ-ਇੱਕ ਕੱਪ ਸੂਜੀ, ਇੱਕ ਕੱਪ ਦਹੀਂ, ਇੱਕ ਟਮਾਟਰ ਬਰੀਕ ਕੱਟਿਆ ਹੋਇਆ, ਇੱਕ ਪਿਆਜ ਬਰੀਕ ਕੱਟਿਆ ਹੋਇਆ, ਇੱਕ ਗਾਜਰ ਕੱਦੂਕਸ ਕੀਤੀ ਹੋਈ, ਇੱਕ ਸ਼ਿਮਲਾ ਮਿਰਚ ਬਰੀਕ ਕੱਟੀ ਹੋਈ, ਇੱਕ ਵੱਡਾ ਟੁਕੜਾ ਅਦਰਕ ਕੱਦੂਕਸ ਕੀਤਾ ਹੋਇਆ, ਦੋ ਹਰੀਆਂ ਮਿਰਚਾਂ ਬਰੀਕ ਕੱਟੀਆਂ ਹੋਈਆਂ, ਦੋ ਵੱਡੇ ਚਮਚ ਧਨੀਆ ਬਰੀਕ ਕੱਟਿਆ ਹੋਇਆ, ਲੋੜ ਅਨੁਸਾਰ ਪਾਣੀ, ਨਮਕ ਸਵਾਦ ਅਨੁਸਾਰ, ਤੇਲ ਤਲਣ ਦੇ ਲਈ।



ਵਿਧੀ-ਸੂਜੀ ਉਤਪਮ ਬਣਾਉਣ ਲਈ ਸਭ ਤੋਂ ਪਹਿਲਾਂ ਇੱਕ ਬਰਤਨ ਵਿੱਚ ਸੂਜੀ, ਦਹੀਂ ਅਤੇ ਨਮਕ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ। ਬੈਟਰ ਗਾੜ੍ਹਾ ਹੋਣ ਕਾਰਨ ਥੋੜ੍ਹਾ ਜਿਹਾ ਪਾਣੀ ਵੀ ਮਿਲਾਓ ਤੇ ਇਸ ਨੂੰ ਇਡਲੀ ਤੇ ਡੋਸੇ ਦੇ ਬੈਟਰ ਵਾਂਗ ਤਿਆਰ ਕਰ ਲਓ। ਬੈਟਰ ਵਿੱਚ ਪਿਆਜ, ਟਮਾਟਰ, ਗਾਜਰ, ਸ਼ਿਮਲਾ ਮਿਰਚ, ਅਦਰਕ, ਹਰੀ ਮਿਰਚ, ਅਦਰਕ ਤੇ ਧਨੀਆ ਪੱਤੀ ਸਾਰਾ ਥੋੜ੍ਹਾ ਥੋੜ੍ਹਾ ਪਾ ਕੇ ਮਿਕਸ ਕਰ ਲਓ ਤੇ ਬਾਕੀ ਬਚਾ ਕੇ ਅਲੱਗ ਰੱਖ ਲਓ। ਮੀਡੀਅ ਸੇਕ ਵਿੱਚ ਇੱਕ ਪੈਨ ਵਿੱਚ ਤੇਲ ਗਰਮ ਕਰਨ ਦੇ ਲਈ ਰੱਖੋ। ਤੇਲ ਦੇ ਗਰਮ ਹੁੰਦੇ ਹੀ ਪੈਨ ਵਿੱਚ ਬੈਟਰ ਪਾਓ। ਇੱਕ ਮਿੰਟ ਬਾਅਦ ਬਾਕੀ ਦੀਆਂ ਬਚੀਆਂ ਸਬਜ਼ੀਆਂ ਵੀ ਉਪਰੋਂ ਪਾ ਦਿਓ ਅਤੇ ਦੋ ਮਿੰਟ ਤੱਕ ਸੇਕੋ। ਅੱਜ ਹਲਕਾ ਜਿਹਾ ਤੇਲ ਛਿੜਕ ਕੇ ਇਸ ਨੂੰ ਪਲਟ ਦਿਓ ਅਤੇ ਦੂਸਰੇ ਸਾਈਡ ਤੋਂ ਵੀ ਸੇਕ ਲਓ। ਤਿਆਰ ਹੈ ਸੂਜੀ ਦਾ ਗਰਮਾ ਗਰਮ ਉਤਪਮ।

# ਜ਼ਖਮੀ ਹੋਈ ਭਾਰਤ ਦੀ ਆਤਮਾ

-ਪੀ. ਚਿਦੰਬਰਮ

ਪ੍ਰੋਜੈਕਟ ਹਿੰਦੂ ਰਾਸ਼ਟਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦੇ ਇੰਜਣ ਹਨ, ਸਟੇਅਰਿੰਗ ਉੱਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਹਨ। ਡਿਜ਼ਾਈਨਰ, ਇੰਜੀਨੀਅਰ, ਆਰ ਐੱਸ ਐੱਸ ਇਸ ਨੂੰ ਉਤਸੁਕਤਾ ਨਾਲ ਦੇਖ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਚੋਣਾਂ ਵਿੱਚ ਪ੍ਰਚੰਡ ਜਿੱਤ ਹਾਸਲ ਕਰਨ ਪਿੱਛੋਂ ਭਾਜਪਾ ਬਹੁਤ ਤੇਜ਼ੀ ਨਾਲ ਆਪਣੇ ਏਜੰਡੇ 'ਤੇ ਅੱਗੇ ਵਧ ਰਹੀ ਹੈ; ਤਿੰਨ ਤਲਾਕ ਦਾ ਅਪਰਾਧੀਕਰਨ, ਆਸਾਮ ਵਿੱਚ ਰਾਸ਼ਟਰੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਦੀ ਵਰਤੋਂ, ਆਰਟੀਕਲ 370 ਨੂੰ ਖਤਮ ਕਰਨਾ ਤੇ ਨਾਗਰਿਕਤਾ ਸੋਧ ਬਿੱਲ (ਕੈਬ) ਨੂੰ ਪਾਸ ਕਰਨਾ ਪ੍ਰੋਜੈਕਟ ਹਿੰਦੂ ਰਾਸ਼ਟਰ ਨੂੰ ਵਧਾਉਣ ਦੀ ਯੋਜਨਾ ਦਾ ਹਿੱਸਾ ਹੈ। ਇਨ੍ਹਾਂ ਕਦਮਾਂ ਦੇ ਪਿੱਛੇ ਸਾਂਝਾ ਮਕਸਦ ਭਾਰਤ ਦੇ ਮੁਸਲਮਾਨਾਂ ਨੂੰ ਇਹ ਸਾਫ ਅਤੇ ਸਪੱਸ਼ਟ ਸੰਦੇਸ਼ ਦੇਣਾ ਕਿ ਉਹ ਇਸ ਦੇਸ਼ ਦੇ ਬਰਾਬਰ ਨਾਗਰਿਕ ਨਹੀਂ ਤੇ ਗੋਲਵਲਕਰ-ਸਾਵਰਕਰ ਦੀ 'ਭਾਰਤ ਇੱਕ ਹਿੰਦੂ ਰਾਸ਼ਟਰ ਹੈ' ਦੀ ਥਿਊਰੀ 'ਤੇ ਜ਼ੋਰ ਦੇਣਾ ਹੈ।

ਨਾਗਰਿਕਤਾ ਐਕਟ 1955 ਅਸਲ ਵਿੱਚ ਜਨਮ ਤੋਂ ਨਾਗਰਿਕਤਾ, ਜੱਦੀ ਪੁਸ਼ਤੀ ਨਾਗਰਿਕਤਾ, ਰਜਿਸਟਰੇਸ਼ਨ ਰਾਹੀਂ ਨਾਗਰਿਕਤਾ, ਕੁਦਰਤੀ ਤੌਰ 'ਤੇ ਨਾਗਰਿਕਤਾ ਅਤੇ ਕਿਸੇ ਖੇਤਰ ਨੂੰ ਆਪਣੇ ਵਿੱਚ ਸ਼ਾਮਲ ਕਰਨ 'ਤੇ ਨਾਗਰਿਕਤਾ ਨੂੰ ਮਾਨਤਾ ਦੇਂਦਾ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਰਹਿ ਰਹੇ ਹੋਰ ਸਾਰੇ ਲੋਕ 'ਨਾਜਾਇਜ਼ ਪ੍ਰਵਾਸੀ' ਹੋਣਗੇ। ਉਨ੍ਹਾਂ 'ਤੇ ਫੌਰਨਰਜ਼ ਐਕਟ 1946 ਅਤੇ ਪਾਸਪੋਰਟ ਅਤੇ ਉਨ੍ਹਾਂ ਨੂੰ ਦੇਸ਼ ਵਿੱਚੋਂ ਕੱਢਿਆ ਜਾ ਸਕਦਾ ਹੈ। ਭਾਰਤੀ ਨਾਗਰਿਕਤਾ ਨਾਲ ਕਿਸੇ ਨਾਗਰਿਕ ਜਾਂ ਨਾਜਾਇਜ਼ ਪਰਵਾਸੀ ਦੇ ਧਰਮ ਦਾ ਕੋਈ ਸੰਬੰਧ ਨਹੀਂ ਸੀ। ਨਾਗਰਕਿਤਾ (ਸੋਧ) ਬਿੱਲ 2019 ਪਾਸ ਹੋਣ ਨਾਲ ਉਕਤ ਸਾਰੀਆਂ ਚੀਜ਼ਾਂ ਬਦਲ ਗਈਆਂ ਹਨ। ਇਹ ਬਿੱਲ ਸ਼ੱਕੀ ਹੈ। ਅਸਲ ਵਿੱਚ ਬਹੁਤ ਸਾਰੇ ਵਿਦਵਾਨਾਂ ਅਤੇ ਸਾਬਕਾ ਜੱਜਾਂ ਦਾ ਮੰਨਣਾ ਹੈ ਕਿ ਇਹ ਗੈਰ ਸੰਵਿਧਾਨਕ ਹੈ।

ਇਹ ਬਿੱਲ ਤਿੰਨ ਦੇਸ਼ਾਂ ਦੀ ਚੋਣ ਕਰਦਾ ਹੈ-ਅਫਗਾਨਿਸਤਾਨ, ਬੰਗਲਾ ਦੇਸ਼ ਅਤੇ ਪਾਕਿਸਤਾਨ। ਇਹ ਛੇ ਘੱਟ-ਗਿਣਤੀਆਂ ਨੂੰ ਚੁਣਦਾ ਹੈ-ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਤੇ ਈਸਾਈ। ਬਿੱਲ ਇਹ ਮੰਗ ਕਰ ਕੇ ਚੱਲਦਾ ਹੈ ਕਿ ਇਨ੍ਹਾਂ ਤਿੰਨਾਂ ਦੇਸ਼ਾਂ 'ਚੋਂ ਕਿਸੇ ਵੀ ਦੇਸ਼ ਅਤੇ ਇਨ੍ਹਾਂ ਛੇ ਭਾਈਚਾਰਿਆਂ 'ਚੋਂ ਕਿਸੇ ਵੀ ਭਾਈਚਾਰੇ ਨਾਲ ਸੰਬੰਧਤ ਵਿਅਕਤੀ, ਜਿਸ ਨੇ 41 ਦਸੰਬਰ 2014 ਤੋਂ ਪਹਿਲਾਂ ਭਾਰਤ ਵਿੱਚ ਪ੍ਰਵੇਸ਼ ਕੀਤਾ ਹੈ, ਉਹ ਆਪਣੇ ਦੇਸ਼ ਵਿੱਚ ਦੁਖੀ ਕੀਤਾ ਗਿਆ ਹੈ ਅਤੇ ਇਸ ਲਈ ਉਸ ਨੂੰ ਐਗਜ਼ੀਕਿਊਟਿਵ ਆਰਡਰ ਨਾਲੇ ਫੌਰਨਰਜ਼ ਐਕਟ ਐਂਡ ਦਿ ਪਾਸਪੋਰਟ (ਐਂਟਰੀ ਇੰਟੂ ਇੰਡੀਆ) ਐਕਟ ਦੀਆਂ ਵਿਵਸਥਾਵਾਂ ਤੋਂ ਛੋਟ ਦਿੱਤੀ ਜਾ ਸਕਦੀ ਹੈ। ਅਜਿਹਾ ਵਿਅਕਤੀ ਨਾਜਾਇਜ਼ ਪਰਵਾਸੀ ਨਹੀਂ ਹੋਵੇਗਾ।



ਸੰਖੇਪ ਵਿੱਚ ਸੋਧ ਬਿੱਲ ਨੇ ਨਾਗਰਿਕਤਾ ਹਾਸਲ ਕਰਨ ਦਾ ਇੱਕ ਨਵਾਂ ਰਾਹ ਤਿਆਰ ਕਰ ਦਿੱਤਾ ਹੈ-ਕਾਰਜਕਾਰੀ ਆਦੇਸ਼ ਰਾਹੀਂ ਨਾਗਰਿਕਤਾ। ਕਈ ਸਵਾਲ ਪੈਦਾ ਹੁੰਦੇ ਹਨ, ਉਹ ਪੁੱਛੇ ਗਏ ਸਨ, ਪਰ ਸਰਕਾਰ ਕੋਲ ਕੋਈ ਜਵਾਬ ਨਹੀਂ ਸੀ : 1. ਸਪੈਸ਼ਲ ਟ੍ਰੀਟਮੈਂਟ ਲਈ ਗੁਆਂਢੀ ਦੇਸ਼ਾਂ, ਜਿਵੇਂ ਸ੍ਰੀਲੰਕਾ, ਮਿਆਂਮਾਰ, ਭੂਟਾਨ ਅਤੇ ਨੇਪਾਲ ਨੂੰ ਛੱਡ ਕੇ ਸਿਰਫ ਤਿੰਨ ਦੇਸ਼ਾਂ ਨੂੰ ਕਿਉਂ ਚੁਣਿਆ ਗਿਆ? 2. ਸਪੈਸ਼ਲ ਟ੍ਰੀਟਮੈਂਟ ਲਈ ਸਿਰਫ ਛੇ ਭਾਈਚਾਰਿਆਂ ਨੂੰ ਕਿਉਂ ਚੁਣਿਆ ਗਿਆ ਤੇ ਹੋਰ ਭਾਈਚਾਰਿਆਂ ਨੂੰ ਛੱਡ ਦਿੱਤਾ ਗਿਆ, ਜਿਨ੍ਹਾਂ ਨਾਲ ਆਪਣੇ ਦੇਸ਼ ਵਿੱਚ ਬਹੁਗਿਣਤੀ ਭਾਈਚਾਰੇ ਨਾਲ ਜੁੜੇ ਨਾ ਹੋਣ ਕਾਰਨ ਭੇਦਭਾਵ ਹੁੰਦਾ ਸੀ, ਜਿਵੇਂ ਅਹਿਮਦੀਆ, ਹਜ਼ਾਰਾ, ਬਲੋਚੀ, ਰੋਹਿੰਗਿਆ, ਯਹੂਦੀ? 3. ਅਬ੍ਰਾਹਿਮਕ ਧਰਮ ਤਿੰਨ ਹਨ-ਯਹੂਦੀਆਂ ਅਤੇ ਇਸਲਾਮ ਨੂੰ ਛੱਡ ਕੇ ਸਿਰਫ ਈਸਾਈਆਂ ਨੂੰ ਕਿਉਂ ਚੁਣਿਆ ਗਿਆ? 4. ਹਿੰਦੂਆਂ ਨੂੰ ਸ਼ਾਮਲ ਕੀਤਾ ਗਿਆ, ਪਰ ਸ੍ਰੀਲੰਕਾ ਦੇ ਹਿੰਦੂਆਂ ਨੂੰ ਬਾਹਰ ਕਿਉਂ ਰੱਖਿਆ ਗਿਆ। ਈਸਾਈਆਂ ਨੂੰ ਸ਼ਾਮਲ ਕੀਤਾ ਗਿਆ, ਪਰ ਭੂਟਾਨ ਦੇ ਈਸਾਈਆਂ ਨੂੰ ਕਿਉਂ ਬਾਹਰ ਰੱਖਿਆ ਗਿਆ। 5. ਕਾਨੂੰਨ ਦਾ ਆਧਾਰ ਧਾਰਮਿਕ ਤਸ਼ੱਦਦ ਹੈ, ਅਜਿਹੀ ਸਥਿਤੀ ਵਿੱਚ ਹੋਰ ਕਈ ਤਰ੍ਹਾਂ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਲੋਕਾਂ ਦਾ ਕੀ ਹੋਵੇਗਾ, ਜਿਵੇਂ ਕਿ ਭਾਸ਼ਾਈ, ਸਿਆਸੀ, ਸਭਿਆਚਰਾਕ, ਜਾਤ ਤੇ ਆਧਾਰਤ। ਖਾਨਾਜੰਗੀ ਤੋਂ ਪੀੜਤ ਲੋਕਾਂ ਲਈ ਕੀ ਵਿਵਸਥਾ ਹੈ? 6. ਕੱਟ ਆਫ ਡੇਟ 31 ਦਸੰਬਰ 2014 ਕਿਉਂ ਰੱਖੀ ਗਈ। ਆਸਾਮ ਸਮਝੌਤੇ ਵਿੱਚ ਵਰਣਿਤ 25 ਮਾਰਚ 1971 ਦੀ ਕੱਟ ਆਫ ਡੇਟ 'ਤੇ ਇਸ ਦਾ ਕੀ ਅਸਰ ਪਵੇਗਾ? ਕੀ ਉਹ ਕੱਟ ਆਫ ਡੇਟ ਛੱਡ ਦਿੱਤੀ ਗਈ ਹੈ? 7. ਸੋਧੇ ਬਿੱਲ ਦੀਆਂ ਵਿਵਸਥਾਵਾਂ ਨਾਲ 'ਸੰਵਿਧਾਨ ਦੇ ਛੇਵੇਂ ਸ਼ਡਿਊਲ ਵਿੱਚ ਸ਼ਾਮਲ ਆਸਾਮ, ਮੇਘਾਲਿਆ, ਮਿਜ਼ੋਰਮ ਜਾਂ ਤ੍ਰਿਪੁਰਾ ਦੇ ਜਨਜਾਤੀ ਖੇਤਰਾਂ ਅਤੇ 'ਦਿ ਇਨਰ ਲਾਈਨ', ਜਿਹੜੇ ਬੰਗਾਲ ਈਸਟਰਨ ਫਰੰਟੀਅਰ ਰੈਗੂਲੇਸ਼ਨ, 1773 ਦੇ ਤਹਿਤ ਕਵਰਡ ਹੈ, ਉਸ ਖੇਤਰ ਨੂੰ' ਛੋਟ ਦੇਣ ਦੇ ਪਿੱਛੇ ਕੀ ਮਕਸਦ ਹੈ? ਇਸ ਤਰ੍ਹਾਂ ਦੀ ਛੋਟ ਦੇ ਕੀ ਨਤੀਜੇ ਹੋਣਗੇ? 8. ਕੀ ਨਾਗਰਿਕਤਾ ਬਿੱਲ ਅਤੇ ਐੱਨ ਆਰ ਸੀ ਜੋੜਿਆਂ ਵਾਂਗ ਨਹੀਂ ਹਨ? ਇਨ੍ਹਾਂ 'ਚੋਂ ਪਹਿਲਾਂ ਕਿਹੜਾ ਲਾਗੂ ਹੋਵੇਗਾ-ਨਾਗਰਿਕਤਾ ਬਿੱਲ ਜਾਂ ਐੱਨ ਆਰ ਸੀ? 9. ਕੀ ਉਨ੍ਹਾਂ ਲੋਕਾਂ, ਜੋ ਇਹ ਦਾਅਵਾ ਕਰਦੇ ਰਹੇ ਹਨ ਕਿ ਉਹ ਭਾਰਤ ਵਿੱਚ ਪੈਦਾ ਹੋਏ ਸਨ ਜਾਂ 25 ਮਾਰਚ 1971 ਤੋਂ ਪਹਿਲਾਂ ਭਾਰਤ ਆਏ ਸਨ, ਨੂੰ ਆਪਣੀ ਕਹਾਣੀ ਬਦਲਣੀ ਹੋਵੇਗੀ ਅਤੇ ਇਹ ਦਾਅਵਾ ਕਰਨਾ ਹੋਵੇਗਾ ਕਿ ਉਹ ਆਪਣੇ ਗ੍ਰਹਿ ਦੇਸ਼ ਵਿੱਚ ਧਾਰਮਿਕ ਤਸ਼ੱਦਦ ਦੇ ਸ਼ਿਕਾਰ ਹੋਏ ਸਨ? ਉਨ੍ਹਾਂ ਦਾ ਕਿਹੜਾ ਦਾਅਵਾ ਝੂਠਾ ਹੋਵੇਗਾ ਅਤੇ ਕਿਹੜਾ ਦਾਅਵਾ ਸੱਚਾ ਹੋਵੇਗਾ?

ਜੇ ਨਾਗਰਿਕਤਾ ਸੋਧ ਕਾਨੂੰਨ ਅਤੇ ਐੱਨ ਆਰ ਸੀ ਦੋਵਾਂ ਨੂੰ ਲਾਗੂ ਕੀਤਾ ਜਾਵੇ, ਐੱਨ ਆਰ ਸੀ ਦੇ ਤਹਿਤ ਬਾਹਰ ਰੱਖੇ ਗਏ ਗੈਰ ਮੁਸਲਮਾਨਾਂ ਨੂੰ ਨਾਗਰਿਕਤਾ ਕਾਨੂੰਨ ਤਹਿਤ ਸ਼ਾਮਲ ਕਰ ਲਿਆ ਜਾਵੇਗਾ। ਇਸ ਦਾ ਨਤੀਜਾ ਇਹ ਹੋਵੇਗਾ ਕਿ ਸਿਰਫ ਮੁਸਲਮਾਨਾਂ ਨੂੰ ਨਾਜਾਇਜ਼ ਪਰਵਾਸੀਆਂ ਵਜੋਂ ਚੁਣਿਆ ਜਾਵੇਗਾ ਅਤੇ ਸੂਚੀ 'ਚੋਂ ਬਾਹਰ ਕੀਤਾ ਜਾਵੇਗਾ। ਇਸ ਦੇ ਗੰਭੀਰ ਨਤੀਜੇ ਹੋਣਗੇ। ਇੱਕ ਵਾਰ ਨਾਗਰਕਿਤਾ ਸੂਚੀ 'ਚੋਂ ਬਾਹਰ ਹੋਣ 'ਤੇ ਸਰਕਾਰ ਨੂੰ ਬਾਹਰ ਰੱਖੇ ਲੋਕਾਂ ਨੂੰ ਵੱਖ ਕਰ ਕੇ ਉਦੋਂ ਤੱਕ ਕੈਂਪਾਂ ਵਿੱਚ ਰੱਖਣਾ ਹੋਵੇਗਾ, ਜਦੋਂ ਤੱਕ ਕੋਈ ਦੇਸ਼ ਉਨ੍ਹਾਂ ਨੂੰ ਸਵੀਕਾਰ ਕਰਨ ਲਈ ਰਾਜ਼ੀ ਨਹੀਂ ਹੋ ਜਾਂਦਾ। ਇਹ ਕੈਂਪ ਕਿੱਥੇ ਬਣਾਏ ਜਾਣਗੇ ਅਤੇ ਕਿੰਨੇ ਕੈਂਪਾਂ ਦੀ ਲੋੜ ਹੋਵੇਗੀ? ਕੀ 'ਨਾਜਾਇਜ਼ ਪਰਵਾਸੀ' ਆਪਣੀ ਬਾਕੀ ਜ਼ਿੰਦਗੀ ਤੱਕ ਕੈਂਪਾਂ ਵਿੱਚ ਰਹਿਣਗੇ ਅਤੇ ਉਨ੍ਹਾਂ ਦੇ ਬੱਚਿਆਂ ਦੀ ਕੀ ਸਥਿਤੀ ਹੋਵੇਗੀ?

ਇਸ ਤੋਂ ਇਲਾਵਾ ਇਸ ਦੇ ਸਮਾਜਕ, ਆਰਥਿਕ ਅਤੇ ਸਿਆਸੀ ਨਤੀਜੇ ਕੀ ਹੋਣਗੇ, ਭਾਰਤ ਅਤੇ ਵਿਦੇਸ਼ ਵਿੱਚ ਲੱਖਾਂ ਮੁਸਲਮਾਨਾਂ ਨੂੰ ਅਣਮਿੱਥੇ ਸਮੇਂ ਲਈ ਕੈਂਪਾਂ ਵਿੱਚ ਕੈਦ ਰੱਖਿਆ ਜਾਵੇਗਾ। ਭਾਰਤ ਵਿੱਚ ਇਸ ਤਰ੍ਹਾਂ ਦੀ ਕਾਰਵਾਈ ਦੀ ਪ੍ਰਤੀਕਿਰਿਆ ਵਜੋਂ ਸ੍ਰੀਲੰਕਾ, ਮਿਆਂਮਾਰ ਤੇ ਪਾਕਿਸਤਾਨ ਵਿੱਚ ਰਹਿੰਦੇ ਹਿੰਦੂਆਂ 'ਤੇ ਭਾਰਤ ਜਾਣ ਦਾ ਦਬਾਅ ਵਧੇਗਾ।

ਇਹ ਸਪੱਸ਼ਟ ਹੈ ਕਿ ਨਵੇਂ ਨਾਗਰਿਕਤਾ ਕਾਨੂੰਨ ਨੂੰ ਭਾਰਤੀ ਸੰਵਿਧਾਨ ਦੀ ਧਾਰਾ 14 ਅਤੇ 21 ਯੂਨੀਵਰਸਲ ਡੈਕਲਾਰੇਸ਼ਨ ਆਫ ਹਿਊਮਨ ਰਾਈਟਸ ਦੀ ਕਸੌਟੀ 'ਤੇ ਪਰਖਣ ਉਤੇ ਪਤਾ ਲੱਗਦਾ ਹੈ ਕਿ ਸਰਕਾਰ ਨੇ ਇਸ ਬਿੱਲ ਦੀ ਸੰਵਿਧਾਨਕ ਜਾਇਜ਼ਤਾ 'ਤੇ ਠੀਕ ਤਰ੍ਹਾਂ ਵਿਚਾਰ ਨਹੀਂ ਕੀਤਾ। ਇਸ ਦੇ ਵਿਰੁੱਧ ਆਸਾਮ ਅਤੇ ਉੱਤਰ ਪੂਰਬੀ ਰਾਜਾਂ ਵਿੱਚ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਚੁੱਕੇ ਹਨ। ਦੇਸ਼ ਦੇ ਬਹੁਤ ਸਾਰੇ ਵਰਗਾਂ ਦੇ ਲੋਕ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹਿੰਦੂ ਹਨ, ਇਨ੍ਹਾਂ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋ ਰਹੇ ਹਨ। ਨਾਗਰਿਕਤਾ ਬਾਰੇ ਗੰਭੀਰ ਸਵਾਲ ਹੋਣ ਦੇ ਬਾਵਜੂਦ ਅਤੇ ਸਭ ਥਾਂ ਅਸ਼ਾਂਤੀ ਦਾ ਮਾਹੌਲ ਹੋਣ ਦੇ ਬਾਵਜੂਦ ਸੰਸਦ ਅਤੇ ਕਾਰਜ ਪਾਲਿਕਾ ਨੇ ਮਿਲ ਕੇ ਇਸ ਗੈਰ ਸੰਵਿਧਾਨਕ ਬਿੱਲ ਨੂੰ ਪਾਸ ਕਰ ਦਿੱਤਾ। ਹੁਣ ਬਰਾਬਰੀ ਅਤੇ ਸੰਵਿਧਾਨਕ ਨੈਤਿਕਤਾ ਨੂੰ ਬਹਾਲ ਕਰਨ ਦੀ ਜ਼ਿੰਮੇਵਾਰੀ ਨਿਆਂ ਪਾਲਿਕਾ 'ਤੇ ਹੋਵੇਗੀ।

# ਹਾਈ ਕੋਰਟ ਨੇ ਬਾਦਲ ਪਿਤਾ-ਪੁੱਤਰ ਤੇ ਚੀਮਾ ਨੂੰ ਅਦਾਲਤੀ ਸੰਮਨ ਉੱਤੇ ਅੰਤ੍ਰਿਮ ਰੋਕ ਲਾਈ

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਹੁਸ਼ਿਆਰਪੁਰ ਅਦਾਲਤ ਦੇ ਉਸ ਹੁਕਮ 'ਤੇ ਰੋਕ ਲਾ ਦਿੱਤੀ ਹੈ ਜਿਸ ਤਹਿਤ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਸਕੱਤਰ ਜਨਰਲ ਅਤੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੂੰ ਸੰਮਨ ਜਾਰੀ ਕੀਤੇ ਗਏ ਹਨ।



ਸੰਮਣ ਜਾਰੀ ਕਰਨ ਦੇ ਵਕਤ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਜੱਜ ਤੋਂ ਇਸ ਗੱਲ ਬਾਰੇ ਜਵਾਬ ਮੰਗਿਆ ਹੈ ਕਿ ਜਦੋਂ ਪ੍ਰਕਾਸ਼ ਸਿੰਘ ਬਾਦਲ ਮੁੱਖ ਅਪਰਾਧਕ ਸ਼ਿਕਾਇਤ ਵਿੱਚ ਧਿਰ ਹੀ ਨਹੀਂ ਬਣਾਏ ਗਏ ਤਾਂ ਉਨ੍ਹਾਂ ਨੂੰ ਸੰਮਨ ਕਿਵੇਂ ਕੀਤਾ ਗਿਆ। ਹੇਠਲੀ ਅਦਾਲਤ ਦੀ ਜੱਜ ਨੂੰ ਇਹ ਵੀ ਪੁੱਛਿਆ ਗਿਆ ਹੈ ਕਿ ਰੱਦ ਕੀਤੀ ਜਾ ਚੁੱਕੀ ਤੇ ਰਿਕਾਰਡ ਉੱਤੇ ਵੀ ਨਾ ਲਈ ਗਈ ਸੋਧੀ ਹੋਈ ਸ਼ਿਕਾਇਤ 'ਚੋਂ ਤੱਥ ਲੈ ਕੇ ਇਹ ਹੁਕਮ ਕਿਵੇਂ ਪਾਸ ਕੀਤਾ ਗਿਆ? ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ ਦੋਵਾਂ ਬਾਦਲਾਂ ਅਤੇ ਡਾ: ਚੀਮਾ ਵੱਲੋਂ ਹਾਈ ਕੋਰਟ 'ਚ ਦਾਇਰ ਕੀਤੀ ਅਪੀਲ 'ਤੇ ਅੰਤ੍ਰਿਮ ਹੁਕਮ ਜਾਰੀ ਕੀਤੇ ਹਨ। ਇਸ ਅਪੀਲ ਹੇਠ ਬਲਵੰਤ ਸਿੰਘ ਖੇੜਾ ਵੱਲੋਂ ਦਾਇਰ ਕੀਤੀ ਅਪਰਾਧਕ ਸ਼ਿਕਾਇਤ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੁਸ਼ਿਆਰਪੁਰ ਅਦਾਲਤ ਵੱਲੋਂ ਚਾਰ ਨਵੰਬਰ ਨੂੰ ਜਾਰੀ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਹੇਠ ਉਕਤ ਤਿੰਨਾਂ ਆਗੂਆਂ ਨੂੰ ਅਦਾਲਤ ਵਿੱਚ ਪੇਸ਼ ਹੋਣ ਅਤੇ ਕੇਸ ਦਾ ਸਾਹਮਣਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਵਰਨਣ ਯੋਗ ਹੈ ਕਿ ਸਿਵਲ ਜੱਜ ਹੁਸ਼ਿਆਰਪੁਰ ਮੋਨਿਕਾ ਸ਼ਰਮਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ, ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਅਤੇ ਸਕੱਤਰ ਜਨਰਲ ਡਾਕਟਰ ਦਲਜੀਤ ਸਿੰਘ ਚੀਮਾ ਨੂੰ ਅਦਾਲਤ ਵਿੱਚ ਤਿੰਨ ਦਸੰਬਰ 2019 ਨੂੰ ਪੇਸ਼ ਹੋਣ ਦੇ ਸੰਮਨ ਜਾਰੀ ਕੀਤੇ ਸਨ। ਇਸ ਕੇਸ ਵਿੱਚ ਭਾਰਤ ਦੇ ਚੋਣ ਕਮਿਸ਼ਨ, ਗੁਰਦੁਆਰਾ ਚੋਣ ਕਮਿਸ਼ਨ ਚੰਡੀਗੜ੍ਹ, ਅਕਾਲੀ ਦਲ ਦੇ ਸਕੱਤਰ ਚਰਨਜੀਤ ਸਿੰਘ ਬਰਾੜ ਅਤੇ ਸਾਬਕਾ ਸਕੱਤਰ ਮਨਜੀਤ ਸਿੰਘ ਤਰਨ ਤਾਰਨੀ ਵੀ ਸੰਬੰਧਤ ਰਿਕਾਰਡ ਨਾਲ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ। ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਅਤੇ ਸੂਬਾ ਸਕੱਤਰ ਓਮ ਪ੍ਰਕਾਸ਼ ਸਟਿਆਣਾ ਨੇ ਦੱਸਿਆ ਕਿ ਇਸ ਕੇਸ ਦੀ ਪੈਰਵੀ ਉਘੇ ਵਕੀਲ ਐਡਵੋਕੇਟ ਬੀ ਐੱਸ ਰਿਆੜ ਅਤੇ ਐਡਵੋਕੇਟ ਹਿਤੇਸ਼ ਪੁਰੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਨੇ ਇਨ੍ਹਾਂ ਲੀਡਰਾਂ ਵਿਰੁੱਧ ਆਈ ਪੀ ਸੀ ਦੀਆਂ ਧਾਰਾਵਾਂ ਹੇਠ ਸਾਜ਼ਿਸ਼ ਕਰਨ, ਧੋਖਾਧੜੀ ਤੇ ਜਾਅਲਸਾਜ਼ੀ ਦਾ ਮੁਕੱਦਮਾ ਚੱਲ ਰਿਹਾ ਹੈ।

# ਖ਼ਾਲਸਾ ਕਾਲਜ 'ਚੋਂ ਗ਼ੈਰ ਸਿੱਖ ਸਟਾਫ ਦੀ ਛਾਂਟੀ ਤੋਂ ਵਿਵਾਦ

ਬਠਿੰਡਾ, 19 ਦਸੰਬਰ (ਪੋਸਟ ਬਿਊਰੋ)- ਖਾਲਸਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਦੇ ਸਕੂਲਾਂ-ਕਾਲਜਾਂ 'ਚ ਦਰਜਨਾਂ ਗ਼ੈਰ ਸਿੱਖ ਆਧਿਆਪਕਾਂ/ ਸਟਾਫ਼ ਮੈਂਬਰਾਂ ਦੀ ਛਾਂਟੀ ਤੋਂ ਵਿਵਾਦ ਛਿੜ ਗਿਆ ਹੈ। ਪ੍ਰਸ਼ਾਸਨ ਨੇ ਇਸ ਦੀ ਜਾਂਚ ਆਰੰਭ ਕੀਤੀ ਹੈ। ਗੁਰੂ ਨਾਨਕ ਦੇਵ ਖ਼ਾਲਸਾ ਗਰਲਜ਼ ਕਾਲਜ ਦੇ ਗ਼ੈਰ ਸਿੱਖ ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਸ਼ਿਕਾਇਤ ਦੇ ਕੇ ਇਨ੍ਹਾਂ ਅਦਾਰਿਆਂ 'ਚ ਪ੍ਰਸ਼ਾਸਕ ਲਾਏ ਜਾਣ ਦੀ ਮੰਗ ਕੀਤੀ ਹੈ।

ਡਿਪਟੀ ਕਮਿਸ਼ਨਰ ਕੋਲ 12 ਦਸੰਬਰ ਨੂੰ ਕੀਤੀ ਲਿਖਤੀ ਸ਼ਿਕਾਇਤ 'ਚ ਦੋਸ਼ ਲਾਏ ਗਏ ਹਨ ਕਿ ਖਾਲਸਾ ਸਿੰਘ ਸਭਾ ਪ੍ਰਬੰਧਕੀ ਕਮੇਟੀ ਦੇ ਨਵੇਂ ਪ੍ਰਧਾਨ ਵੱਲੋਂ ਗ਼ੈਰ ਸਿੱਖ (ਹਿੰਦੂ ਭਾਈਚਾਰੇ) ਸਟਾਫ਼ ਅਤੇ ਬੱਚਿਆਂ ਨਾਲ ਨਫ਼ਰਤ ਵਾਲਾ ਵਰਤਾਅ ਕੀਤਾ ਜਾ ਰਿਹਾ ਹੈ ਜਿਸ ਤੋਂ ਸ਼ਹਿਰ ਵਿੱਚ ਫ਼ਿਰਕੂ ਤਣਾਅ ਬਣ ਸਕਦਾ ਹੈ। ਦੋਸ਼ ਹਨ ਕਿ ਨਵਾਂ ਪ੍ਰਧਾਨ ਬੱਚਿਆਂ ਨੂੰ ਅੰਮ੍ਰਿਤ ਛਕਣ ਅਤੇ ਸਿੱਖ ਧਰਮ ਵਿੱਚ ਸ਼ਾਮਲ ਹੋਣ ਬਾਰੇ ਕਹਿੰਦਾ ਹੈ ਜਿਸ ਨਾਲ ਮਾਹੌਲ ਖ਼ਰਾਬ ਹੋਣ ਲੱਗਾ ਹੈ।

ਵਰਨਣ ਯੋਗ ਹੈ ਕਿ ਗਰਲਜ਼ ਕਾਲਜ ਵਿੱਚ 60 ਫ਼ੀਸਦੀ ਵਿਦਿਆਰਥੀ ਹਿੰਦੂ ਹਨ। ਮਿਲੇ ਵੇਰਵੇ ਮੁਤਾਬਕ ਗੁਰੂ ਨਾਨਕ ਦੇਵ ਖਾਲਸਾ ਗਰਲਜ਼ ਕਾਲਜ ਦੀ ਪ੍ਰਿੰਸੀਪਲ ਸ਼ੈਲਜਾ ਮੌਂਗਾ ਨੂੰ ਹਟਾ ਦਿੱਤਾ ਗਿਆ ਅਤੇ ਡੀਨ ਐਨ ਕੇ ਗੁਸਾਈ ਵੀ ਚਲੇ ਗਏ ਹਨ। ਲੇਖਾਕਾਰ ਬਲਜਿੰਦਰ ਸ਼ਰਮ, ਲੈਕਚਰਾਰ ਯੋਗਿਤਾ ਤੇ ਵਨੀਤ ਵੀ ਕਾਲਜ ਵਿੱਚੋਂ ਹਟਾਏ ਗਏ ਹਨ। ਡਾਟਾ ਐਂਟਰੀ ਅਪਰੇਟਰ ਅਭੀਕਲਾਸ਼ ਨੇ ਅਸਤੀਫ਼ੇ ਵਿੱਚ ਕਿਹਾ ਹੈ ਕਿ ਉਸ ਨੂੰ ਗ਼ੈਰ ਸਿੱਖ ਹੋਣ ਕਾਰਨ ਤੰਗ ਕੀਤਾ ਜਾ ਰਿਹਾ ਹੈ। ਦੋ ਹੋਰ ਸਟਾਫ਼ ਮੈਂਬਰਾਂ ਨੇ ਵੀ ਕਾਲਜ ਛੱਡਿਆ ਹੈ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਖਾਲਸਾ ਟੈਕਨੀਕਲ ਕਾਲਜ 'ਚੋਂ ਇੱਕ ਗ਼ੈਰ ਹਿੰਦੂ ਲੇਖਾਕਾਰ ਅਤੇ ਖਾਲਸਾ ਸੀਨੀਅਰ ਸੈਕਡਰੀ ਸਕੂਲ 'ਚੋਂ ਇੱਕ ਚੌਕੀਦਾਰ ਨੂੰ ਹਟਾਏ ਜਾਣ ਦੀ ਗੱਲ ਲਿਖੀ ਗਈ ਹੈ। ਸਕੂਲ ਦਾ ਚੌਕੀਦਾਰ ਹਟਾਏ ਜਾਣ ਮਗਰੋਂ ਧਰਨਾ ਵੀ ਲੱਗਾ ਸੀ।

ਖਾਲਸਾ ਦੀਵਾਨ ਸਿੰਘ ਸਭਾ ਦੇ ਸਾਬਕਾ ਪ੍ਰਧਾਨ ਰਜਿੰਦਰ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਵਿਦਿਅਕ ਅਦਾਰਿਆਂ ਵਿੱਚ ਇਸ ਤਰ੍ਹਾਂ ਦੇ ਵਤੀਰੇ ਨਾਲ ਮਾਹੌਲ ਖਰਾਬ ਹੁੰਦਾ ਹੈ ਜਦ ਕਿ ਇਹ ਅਦਾਰੇ ਸਰਬ ਸਾਂਝੇ ਹਨ, ਵਿਤਕਾਰਾ ਨਹੀਂ ਹੋਣਾ ਚਾਹੀਦਾ, ਕਿਉਂਕਿ ਗਰਲਜ਼ ਕਾਲਜ ਵਿੱਚ ਬਹੁਤੇ ਬੱਚੇ ਗ਼ੈਰ ਸਿੱਖ ਹਨ। ਖਾਲਸਾ ਦੀਵਾਨ ਸਿੰਘ ਸਭਾ ਦੀ ਪ੍ਰਬੰਧਕੀ ਕਮੇਟੀ ਦੀਆਂ ਜੁਲਾਈ 2019 ਵਿੱਚ ਦੀ ਚੋਣਾਂ ਹੋਈਆਂ ਸਨ।

2019

ਸਾਕਾ ਗੜ੍ਹੀ ਚਮਕੌਰ ਅਤੇ ਸਾਕਾ ਸਰਹਿੰਦ ਵਿਖੇ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਮਹਾਨ ਸਿੰਘਾਂ ਦੀਆਂ ਅਦੁੱਤੀ ਕੁਰਬਾਨੀਆਂ ਅਤੇ ਸਰਬੰਸ ਦਾਨੀ ਪਿਤਾ ਦੀ ਖਾਲਸੇ ਤੋਂ ਸਭ ਕੁੱਝ ਨਿਛਾਵਰ ਕਰਕੇ ਜ਼ੁਲਮ ਦੀ ਜੜ੍ਹ ਪੁੱਟਣ ਦੀ ਦਾਸਤਾਨ ਨੂੰ ਸਮਰਪਿਤ।



ਦੁਖ ਰੋਗ ਨਿਵਾਰਨ ਕੈਂਪ

ਦੁਖ ਭੰਜਨੁ ਤੇਰਾ ਨਾਮੁ ਮਿਸ਼ਨ, ਕਨੇਡਾ

ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ਾਂ ਭਰੀ ਪਵਿੱਤਰ ਹਜ਼ੂਰੀ ਅੰਦਰ ਸੰਗਤੀ ਰੂਪ ਵਿੱਚ ਅਨੇਕਾਂ ਵੀਰ-ਭੈਣ ਗੁਰਬਾਣੀ ਵਿੱਚ ਦੱਸੀ ਵਿਧੀ ਮੁਤਾਬਕ ਗੁਰਬਾਣੀ ਗਾਉਣ, ਸੁਣਨ ਅਤੇ ਭਾਣੇ ਤੇ ਭਰੋਸੇ ਨੂੰ ਸਮਝ ਕੇ ਮਨ ਵਿੱਚ ਵਸਾਉਣ ਨਾਲ ਪਹਿਲਾਂ ਲੱਗੇ ਕੈਂਪਾਂ ਵਿੱਚ ਅਪਣੇ ਦੁੱਖਾਂ, ਰੋਗਾਂ ਤੋਂ ਛੁਟਕਾਰਾ ਪਾ ਚੁਕੇ ਹਨ।

ਆਓ! ਹੇਠਾਂ ਦੱਸੇ ਅਨੁਸਾਰ ਲੱਗਣ ਜਾ ਰਹੇ ਕੈਂਪਾਂ ਰਾਹੀਂ ਅਪਣੇ ਦੁੱਖਾਂ, ਰੋਗਾਂ ਅਤੇ ਵਿਘਨਾਂ ਤੋਂ ਛੁਟਕਾਰਾ ਪਾਈਏ।

ਨੋਟ: ਦੁਖ ਭੰਜਨੁ ਤੇਰਾ ਨਾਮੁ ਮਿਸ਼ਨ ਮੈਡੀਕਲ ਸਾਇੰਸ ਤੋਂ ਮਿਲਣ ਵਾਲੀ ਵਡਮੁੱਲੀ ਮੱਦਦ ਦਾ ਵਿਰੋਧੀ ਨਹੀਂ ਅਤੇ ਨਾ ਹੀ ਦੁਆਈ ਛੱਡਣ ਜਾਂ ਘਟਾਉਣ ਦੀ ਸਲਾਹ ਦਿੰਦਾ ਹੈ। ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰੋ ਜੀ।

Nanaksar Gurdwara Sahib
Gore Road, Brampton
21 Dec to 25 Dec (Saturday to Wednesday): 1:30PM to 6:30PM

Malton Gurdwara Sahib
26 Dec to 29 Dec (Thursday to Sunday): 1:30 PM to 6:30PM

www.DukhBhanjanTeraNaam.com
905-230-5977 • 905-781-2020 • 647-537-8246 • 416-662-3228

## ਲੋਕਲ ਬਾਡੀ ਵਿਭਾਗ ਵਿੱਚ ਤਬਾਦਲੇ:

# ਪ੍ਰਿੰਸੀਪਲ ਸੈਕਟਰੀ ਵੱਲੋਂ 10 ਅਫਸਰਾਂ ਨੂੰ ਕਾਰਨ ਦੱਸੋ ਨੋਟਿਸ

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਦੀ ਬਿਮਾਰੀ ਦੌਰਾਨ ਵਿਭਾਗ ਵਿੱਚ ਹੋਏ ਵੱਡੇ ਪੱਧਰ 'ਤੇ ਹੋਏ ਤਬਾਦਲਿਆਂ ਵਿਚਲੇ ਰਾਜ਼ ਹੌਲੀ ਹੌਲੀ ਖੁੱਲ੍ਹ ਰਹੇ ਹਨ। ਇਨ੍ਹਾਂ ਤਬਾਦਲਿਆਂ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਦੇ ਬਾਅਦ ਹੋਈ ਜਾਂਚ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪ੍ਰਮੁੱਖ ਸਕੱਤਰ ਲੋਕਲ ਬਾਡੀਜ਼ ਨੇ 10 ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ 15 ਦਿਨ ਦੇ ਅੰਦਰ ਜਵਾਬ ਤਲਬ ਕੀਤਾ ਹੈ।

ਵਰਨਣ ਯੋਗ ਹੈ ਕਿ ਮੰਤਰੀ ਬ੍ਰਹਮ ਮਹਿੰਦਰਾ ਨੇ ਇਸ ਮਾਮਲੇ ਦੀ ਸ਼ਿਕਾਇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੀਤੀ ਤੇ ਬਾਅਦ ਵਿੱਚ ਇਹ ਫਾਈਲ ਸੀ ਐੱਮ ਓ (ਮੁੱਖ ਮੰਤਰੀ ਦਫਤਰ) ਤੋਂ ਪੰਜਾਬ ਦੇ ਪ੍ਰਿੰਸੀਪਲ ਸੈਕਟਰੀ ਨੂੰ ਗਈ ਸੀ। ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੇ ਸੰਜੀਵ ਕੁਮਾਰ, ਜਸਵੀਰ ਸਿੰਘ ਧਨੋਆ (ਦੋਵੇਂ ਸੁਪਰਡੈਂਟ), ਸੀਨੀਅਰ ਸਹਾਇਕ ਅਭਿਸ਼ੇਕ, ਲਾਅ ਅਫਸਰ ਰਾਜੇਸ਼ ਕੁਮਾਰ, ਡਾਇਰੈਕਟਰ ਆਫਿਸ ਦੇ ਸੁਪਰਡੈਂਟ ਜਗਦੀਪ ਸਿੰਘ ਨਾਗਰਾ ਅਤੇ ਜਸਪਾਲ ਸਿੰਘ, ਰੋਪੜ ਇੰਪਰੂਵਮੈਂਟ ਟਰੱਸਟ ਦੇ ਸਹਾਇਕ ਟਰੱਸਟ ਇੰਜੀਨੀਅਰ ਪਰਮਿੰਦਰ ਕੁਮਾਰ, ਡਾਇਰੈਕਟਰ ਆਫਿਸ ਦੇ ਐੱਸ ਡੀ ਓ ਚਾਂਦ ਸਿੰਗਲਾ, ਈ ਓ ਇੰਪਰੂਵਮੈਂਟ ਟਰੱਸਟ ਜਲੰਧਰ ਸੁਰਿੰਦਰ ਕੁਮਾਰੀ ਅਤੇ ਰਾਜਪੁਰਾ ਦੇ ਇੰਪਰੂਵਮੈਂਟ ਟਰੱਸਟ ਦੇ ਇੰਜੀਨੀਅਰ ਰਾਜ ਕੁਮਾਰ ਨੂੰ ਕਾਰਨ ਦੱਸੋ ਨੋਟਿਸ ਭੇਜ ਕੇ 15 ਦਿਨ ਵਿੱਚ ਜਵਾਬ ਮੰਗਿਆ ਹੈ।

ਪ੍ਰਿੰਸੀਪਲ ਸੈਕਟਰੀ ਨੇ 13 ਦਸੰਬਰ ਨੂੰ ਜਾਰੀ ਪੱਤਰ ਵਿੱਚ ਸਾਫ ਲਿਖਿਆ ਹੈ ਕਿ ਡਾਇਰੈਕਟਰ ਕਰੁਣੇਸ਼ ਸ਼ਰਮਾ ਵੱਲੋਂ ਵਿਭਾਗ ਵਿੱਚ ਭ੍ਰਿਸ਼ਟਾਚਾਰ ਕਰ ਕੇ ਤਬਾਦਲੇ ਕਰਨ ਅਤੇ ਸੁਪਰਡੈਂਟ ਜਸਪਾਲ ਸਿੰਘ ਅਤੇ ਜਗਦੀਪ ਨਾਗਰਾ ਅਤੇ ਦਫਤਰ ਦੇ ਸਟਾਫ ਨਾਲ ਮਿਲ ਕੇ ਵੱਡੇ ਪੱਧਰ 'ਤੇ ਘਪਲੇ ਕੀਤੇ ਗਏ ਹਨ। ਇਸ ਬਾਰੇ ਸ਼ਿਕਾਇਤ 'ਤੇ ਇਹ ਜਵਾਬ ਤਲਬ ਕੀਤਾ ਗਿਆ ਹੈ। ਤਿੰਨ ਸ਼ਿਕਾਇਤ ਕਰਤਾਵਾਂ ਨੇ ਮੁੱਖ ਮੰਤਰੀ ਅਤੇ ਵਿਜੀਲੈਂਸ ਬਿਊਰੋ ਨੂੰ ਭੇਜੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਦੋ ਤੋਂ ਤਿੰਨ ਮਹੀਨੇ ਅੰਦਰ ਡਾਇਰੈਕਟਰ ਕਰੁਣੇਸ਼ ਅਤੇ ਹੋਰਨਾਂ ਅਫਸਰਾਂ ਨੇ ਕਰੀਬ 200 ਮੁਲਾਜ਼ਮਾਂ ਦੇ ਤਬਾਦਲੇ ਕੀਤੇ ਹਨ ਤੇ ਇਹ ਤਬਾਦਲੇ ਉਦੋਂ ਕੀਤੇ ਗਏ, ਜਦ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰ-ਦਰਾ ਹਸਪਤਾਲ ਵਿੱਚ ਇਲਾਜ ਅਧੀਨ ਸਨ ਅਤੇ ਉਨ੍ਹਾਂ ਦੀ ਮਨਜ਼ੂਰੀ ਨਹੀਂ ਲਈ ਗਈ। ਇਸ ਪੂਰੇ ਕੇਸ ਵਿੱਚ ਇੱਕ ਕਰੋੜ ਰੁਪਏ ਇਕੱਠੇ ਕੀਤੇ ਜਾਣ ਦੀ ਗੱਲ ਸੁਣੀ ਗਈ ਹੈ। ਜਗਦੀਪ ਸਿੰਘ 'ਤੇ ਇਹ ਵੀ ਦੋਸ਼ ਹੈ ਕਿ ਇਸ ਨੇ ਲੁਧਿਆਣਾ, ਪਟਿਆਲਾ ਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਕਈ ਰੁਕੇ ਹੋਏ ਪ੍ਰਸਤਾਵ ਮੋਟੀ ਰਕਮ ਲੈ ਕੇ ਡਾਇਰੈਕਟਰ ਦੇ ਜ਼ਰੀਏ ਪਾਸ ਕਰਾਏ ਹਨ।

ਇਸ ਪੂਰੇ ਕੇਸ ਦਾ ਭੇਦ ਓਦੋਂ ਖੁੱਲ੍ਹਾ, ਜਦ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਹਸਪਤਾਲ ਤੋਂ ਘਰ ਪਹੁੰਚੇ ਤੇ ਕੰਮ ਸ਼ੁਰੂ ਕੀਤਾ। ਸੂਤਰਾਂ ਮੁਤਾ-ਬਕ ਜਦ ਉਨ੍ਹਾਂ ਨੇ ਪ੍ਰਿੰਸੀਪਲ ਸੈਕਟਰੀ ਅਤੇ ਡਾਇਰੈਕਟਰ ਤੋਂ ਇਨ੍ਹਾਂ ਤਬਾਦਲਿਆਂ ਬਾਰੇ ਪੁੱਛਿਆ ਤਾਂ ਤਸੱਲੀ ਬਖਸ਼ ਜਵਾਬ ਨਹੀਂ ਮਿ-ਲਆ। ਇਸ ਤੋਂ ਨਾਰਾਜ਼ ਹੋ ਕੇ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਪੂਰੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਸੀ।

# ਸਸਪੈਂਸ਼ਨ ਦੇ ਖਿਲਾਫ ਡੀ ਐੱਸ ਪੀ ਸੇਖੋਂ ਹਾਈ ਕੋਰਟ ਪਹੁੰਚੇ

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਫੇਸਬੁਕ ਅਤੇ ਵਟਸਐਪ 'ਤੇ ਇਤਰਾਜ਼ ਯੋਗ ਮੈਸੇਜ ਭੇਜਣ ਦੇ ਕੇਸ ਵਿੱਚ ਸਸਪੈਂਡ ਕੀਤੇ ਗਏ ਲੁਧਿਆਣਾ ਦੇ ਸਾਬਕਾ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ। ਇਸ ਵਿੱਚ ਉਨ੍ਹਾਂ ਨੇ ਆਪਣੇ ਸਸਪੈਂਸ਼ਨ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ। ਹਾਈ ਕੋਰਟ ਵਿੱਚ ਦਾਇਰ ਕੀਤੀਆਂ ਦੋ ਅਰਜ਼ੀਆਂ ਵਿੱਚ ਬਲਵਿੰਦਰ ਸਿੰਘ ਨੇ ਆਪਣੇ ਸਸਪੈਂਸ਼ਨ ਦੇ ਹੁਕਮਾਂ ਨੂੰ ਰੱਦ ਕਰਨ ਦੇ ਨਾਲ ਨਿੱਜੀ ਸੁਰੱਖਿਆ ਦੇਣ ਦੀ ਵੀ ਮੰਗ ਕੀਤੀ ਹੈ। ਆਪਣੀ




ਅਰਜ਼ੀ ਵਿੱਚ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਵੀ ਧਿਰਾਂ ਵਿੱਚ ਸ਼ਾਮਲ ਕਰਦੇ ਹੋਏ ਬਲਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਮੰਤਰੀ ਦੇ ਇਲਾਵਾ ਕਈ ਲੋਕ ਧਮਕੀਆਂ ਦਿੰਦੇ ਹਨ। ਆਪਣੀਆਂ ਅਰਜ਼ੀਆਂ ਵਿੱਚ ਬਲਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਲੁਧਿਆਣਾ ਵਿੱਚ ਗੈਰ ਕਾਨੂੰਨੀ ਉਸਾਰੀਆਂ ਦੇ ਕੇਸ ਵਿੱਚ ਉਨ੍ਹਾਂ ਵੱਲੋਂ ਕੀਤੀ ਜਾਂਚ ਵਿੱਚ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਹੱਕ ਵਿੱਚ ਜਾਂਚ ਰਿਪੋਰਟ ਨਾ ਦੇਣ ਕਾਰਨ ਉਨ੍ਹਾਂ ਨੂੰ ਵਿਭਾਗ ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਵਧੀਕ ਮੁੱਖ ਸਕੱਤਰ ਸਤੀਸ਼ ਚੰਦਰਾ ਵੱਲੋਂ ਪੰਜ ਦਸੰਬਰ ਨੂੰ ਭੇਜੇ ਸਸਪੈਂਸ਼ਨ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਸੇਖੋਂ ਨੇ ਕਿਹਾ ਕਿ ਲੁਧਿਆਣਾ ਵਿੱਚ ਕਬਜ਼ੇ ਅਤੇ ਗੈਰ ਕਾਨੂੰਨੀ ਉਸਾਰੀਆਂ ਦਾ ਮੁੱਦਾ ਅਹਿਮ ਹੈ। ਹਾਈ ਕੋਰਟ ਨੇ ਇਸ ਦਾ ਖੁਦ ਨੋਟਿਸ ਲੈਂਦੇ ਹੋਏ ਜਾਂਚ ਦੇ ਹੁਕਮ ਦਿੱਤੇ ਸਨ। ਅਰਜ਼ੀ ਕਰਤਾ ਨੇ ਕਿਹਾ ਹੈ ਕਿ ਸ਼ਹਿਰ ਵਿੱਚ ਲਗਭਗ 15000 ਕਰੋੜ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਕੈਬਨਿਟ ਬੈਠਕ ਦੌਰਾਨ ਬਲਵਿੰਦਰ ਸਿੰਘ ਦੇ ਖਿਲਾਫ ਸ਼ਿਕਾਇਤ ਕੀਤੀ ਸੀ।

# ਤਿੰਨ ਹੋਰ ਸਮੱਗਲਰਾਂ ਦੀ 14 ਕਰੋੜ ਰੁਪਏ ਦੀ ਜਾਇਦਾਦ ਜ਼ਬਤ

ਤਰਨ ਤਾਰਨ, 19 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਨੇ ਤਿੰਨ ਸਮੱਗਲਰਾਂ ਦੀ ਦੋ ਕਰੋੜ 14 ਲੱਖ ਰੁਪਏ ਦੀ ਜਾਇਦਾਦ ਹੋਰ ਜ਼ਬਤ ਕੀਤੀ ਹੈ। ਇਨ੍ਹਾਂ ਤਿੰਨਾਂ ਦੇ ਖਿਲਾਫ ਹੈਰੋਇਨ ਬਰਾਮਦਗੀ ਬਾਰੇ ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲਿਆਂ ਵਿੱਚ ਕੇਸ ਦਰਜ ਹਨ। ਤਰਨ ਤਾਰਨ ਪੁਲਸ ਨੇ ਅੱਜ ਤੱਕ 21 ਸਮੱਗਲਰਾਂ ਦੀ ਜਾਇਦਾਦ ਨੂੰ ਜਬਤ ਕੀਤਾ ਹੈ ਅਤੇ 80 ਸਮੱਗਲਰਾਂ ਦੀ ਸੂਚੀ ਕੇਂਦਰੀ ਅਥਾਰਟੀਜ਼ ਨੂੰ ਦਿੱਲੀ ਭੇਜੀ ਗਈ ਹੈ।

ਐੱਸ ਪੀ (ਪੜਤਾਲ) ਜਗਜੀਤ ਸਿੰਘ ਵਾਲੀਆ ਨੇ ਕੱਲ੍ਹ ਪ੍ਰੈੱਸ ਨੂੰ ਦੱਸਿਆ ਕਿ ਹਰਚੰਦ ਸਿੰਘ ਪੁੱਤਰ ਕਰਮ ਸਿੰਘ ਪਿੰਡ ਨਾਰਲੀ, ਜਿਸ ਦੇ ਖਿਲਾਫ ਥਾਣਾ ਸਿਵਲ ਲਾਈਨ ਅੰਮ੍ਰਿਤਸਰ ਵਿੱਚ ਤਿੰਨ ਕਿਲੋ ਹੈਰੋਇਨ ਬਰਾਮਦਗੀ ਦਾ ਮੁਕੱਦਮਾ ਦਰਜ ਹੈ, ਦੀ ਡੇਢ ਕਰੋੜ ਰੁਪਏ ਦੀ 10 ਏਕੜ ਜ਼ਮੀਨ ਜ਼ਬਤ ਕੀਤੀ ਗਈ ਹੈ। ਗੁਰਪ੍ਰਤਾਪ ਸਿੰਘ ਪੁੱਤਰ ਸਿਤਾਰਾ ਸਿੰਘ ਵਾਸੀ ਰੱਖ ਸਰਾਏ ਅਮਾਨਤ ਖਾਂ ਦੀ ਢਾਈ ਲੱਖ ਰੁਪਏ ਦੀ ਕੀਮਤ ਵਾਲੀ ਦੋ ਕਨਾਲ ਜ਼ਮੀਨ ਅਤੇ 50 ਲੱਖ ਤਿੰਨ ਹਜ਼ਾਰ ਰੁਪਏ ਦੀ ਕੀਮਤ ਦਾ ਰਿਹਾਇਸ਼ੀ ਮਕਾਨ ਜ਼ਬਤ ਕੀਤਾ ਗਿਆ ਹੈ। ਉਸ ਦੇ ਖਿਲਾਫ ਥਾਣਾ ਮਹਿਤਾ ਅੰਮ੍ਰਿਤਸਰ 'ਚ ਇੱਕ ਕਿਲੋ ਹੈਰੋਇਨ ਦੀ ਬਰਾਮਦਗੀ ਦਾ ਕੇਸ ਦਰਜ ਹੈ। ਮਨਪ੍ਰੀਤ ਸਿੰਘ ਪੁੱਤਰ ਭੋਲਾ ਸਿੰਘ ਪਿੰਡ ਗੰਡੀਵਿੰਡ ਦੀ ਤੀਹ ਮਰਲੇ ਜ਼ਮੀਨ, ਇੱਕ ਰਿਹਾਇਸ਼ੀ ਮਕਾਨ ਤੇ ਸ਼ੈਡ ਜ਼ਬਤ ਕੀਤਾ ਗਿਆ ਹੈ, ਜਿਨ੍ਹਾਂ ਦੀ ਕੀਮਤ 11 ਲੱਖ 52 ਹਜ਼ਾਰ ਰੁਪਏ ਦੱਸੀ ਗਈ ਹੈ। ਉਸ ਉੱਤੇ ਥਾਣਾ ਸਰਾਏ ਅਮਾਨਤ ਖਾਂ 'ਚ ਅੱਧਾ ਕਿਲੋ ਹੈਰੋਇਨ ਫੜੀ ਜਾਣ ਦਾ ਕੇਸ ਦਰਜ ਹੈ। ਐੱਸ ਐੱਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਤਰਨ ਤਾਰਨ ਜ਼ਿਲੇ ਵਿੱਚੋਂ ਨਸ਼ਾ ਖਤਮ ਕਰਨ ਲਈ ਪੁਲਸ ਸਮੱਗਲਰਾਂ ਦਾ ਆਰਥਿਕ ਪੱਖੋਂ ਲੱਕ ਤੋੜਨ ਲਈ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ। ਅੱਜ ਤੱਕ ਜ਼ਿਲੇ ਨਾਲ ਸੰਬੰਧਥ 21 ਸਮੱਗਲਰਾਂ ਦੀ 17 ਕਰੋੜ, 51 ਲੱਖ, 2 ਹਜ਼ਾਰ 910 ਰੁਪਏ ਦੀ ਜਾਇਦਾਦ ਜ਼ਬਤ ਕੀਤੀ ਜਾ ਚੁੱਕੀ ਹੈ।

# ਪ੍ਰੇਮ ਸਬੰਧਾਂ ਕਾਰਨ ਹੋਇਆ ਸੀ ਬੱਚੇ ਅਧੀਰਾਜ ਦਾ ਕਤਲ

ਕਪੂਰਥਲਾ, 19 ਦਸੰਬਰ (ਪੋਸਟ ਬਿਊਰੋ)- ਗੁਆਂਢ ਰਹਿੰਦੀ ਔਰਤ ਨਾਲ ਮਾਮੇ ਦੇ ਪ੍ਰੇਮ ਸਬੰਧਾਂ ਕਾਰਨ ਦੋ ਸਾਲਾ ਮਾਸੂਮ ਬੱਚੇ ਅਧੀਰਾਜ ਨੂੰ ਆਪਣੀ ਜਾਨ ਗੁਆਉਣੀ ਪਈ ਸੀ। ਇਸ ਬਾਰੇ ਕੋਤਵਾਲੀ ਪੁਲਸ ਨੇ ਕਤਲ ਦੇ ਦੋਸ਼ ਹੇਠ ਮਨਦੀਪ ਕੌਰ ਉਰਫ਼ ਰਾਜ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕੱਲ੍ਹ ਪੱਤਰਕਾਰਾਂ ਨੂੰ ਇਸ ਦੀ ਜਾਣਕਾਰੀ ਦਿੰਦਿਆਂ ਡੀ ਐਸ ਪੀ ਸਬ ਡਵੀਜ਼ਨ ਹਰਿੰ-ਦਰ ਸਿੰਘ ਗਿੱਲ ਤੇ ਥਾਣਾ ਕੋਤਵਾਲੀ ਦੇ ਮੁਖੀ ਇੰਸਪੈਕਟਰ ਸਤਪਾਲ ਸਿੱਧੂ ਨੇ ਦੱਸਿਆ ਕਿ ਕੱਲ੍ਹ ਸ਼ਿਕਾਇਤ ਕਰਤਾ ਸੁਨੀਤਾ ਰਾਣੀ ਵਾਸੀ ਫ਼ਰੀਦ ਸਰਾਏ, ਜੋ ਆਪਣੇ ਭਰਾ ਗਗਨਦੀਪ ਦੇ ਵਿਆਹ ਦੀਆਂ ਤਿਆਰੀਆਂ ਲਈ ਪੇਕੇ ਘਰ ਪਿੰਡ ਖੁਪਰੈਣ ਆਈ ਹੋਈ ਸੀ, ਦਾ ਲੜਕਾ ਅਧੀਰਾਜ ਸਿੰਘ ਆਪਣੇ ਭਰਾ ਗੁਰਨੂਰ ਸਿੰਘ ਨਾਲ ਖੇਡਦਾ ਗੁਆਂਢ ਰਹਿੰਦੀ ਮਨਦੀਪ ਕੌਰ ਉਰਫ਼ ਰਾਜ ਦੇ ਘਰ ਚਲਾ ਗਿਆ ਤੇ ਵਾਪਸ ਨਹੀਂ ਸੀ ਆਇਆ। ਇਸ ਦੀ ਸ਼ਿਕਾਇਤ ਮਿਲਣ ਉੱਤੇ ਪੁਲਸ ਨੇ ਮਨਦੀਪ ਕੌਰ ਉਰਫ਼ ਰਾਜ ਦੇ ਘਰ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਦੇ ਘਰ ਪਈ ਵਾਸ਼ਿੰਗ ਮਸ਼ੀਨ ਵਿੱਚੋਂ ਕੱਪੜੇ ਵਿੱਚ ਲਪੇਟੀ ਹੋਈ ਅਧੀਰਾਜ ਦੀ ਲਾਸ਼ ਮਿਲੀ ਸੀ। ਦੋਸ਼ਣ ਮਨਦੀਪ ਕੌਰ ਨੇ ਦੱਸਿਆ ਕਿ ਉਸ ਦੇ ਕਰੀਬ ਇੱਕ ਸਾਲ ਤੋਂ ਮ੍ਰਿਤਕ ਲੜਕੇ ਅਧੀਰਾਜ ਦੇ ਮਾਮੇ ਗਗਨਦੀਪ ਨਾਲ ਪ੍ਰੇਮ ਸਬੰਧ ਸਨ ਤੇ 22 ਦਸੰਬਰ ਨੂੰ ਗਗਨਦੀਪ ਦਾ ਵਿਆਹ ਹੋਣ ਵਾਲਾ ਸੀ, ਜਿਸ ਵਿੱਚ ਸ਼ਾਮਲ ਹੋਣ ਲਈ ਉਸ ਦੀ ਭੈਣ ਆਪਣੇ ਬੱਚਿਆਂ ਨਾਲ ਆਈ ਹੋਈ ਸੀ। ਗਗਨਦੀਪ ਦੇ ਵਿਆਹ ਵਿੱਚ ਰੁਕਾਵਟ ਪੈਦਾ ਕਰਨ ਲਈ ਮਨਦੀਪ ਕੌਰ ਨੇ ਇਹ ਕਤਲ ਕਰ ਦਿੱਤਾ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਬਲਾਤਕਾਰ ਦੇ ਕੇਸਾਂ ਦੀ ਮੱਠੀ ਰਫ਼ਤਾਰ ਤੋਂ ਸੁਪਰੀਮ ਕੋਰਟ ਚਿੰਤਤ

ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਔਰਤਾਂ ਨਾਲ ਬਲਾਤਕਾਰ ਦੇ ਵਧਦੇ ਕੇਸਾਂ ਤੇ ਨਿਆਂ 'ਚ ਦੇਰੀ ਕਾਰਨ ਲੋਕਾਂ 'ਚ ਪੈਦਾ ਹੋਈ ਰਹੀ ਨਿਰਾਸ਼ਾ ਤੇ ਬੇਚੈਨੀ ਨੇ ਸੁਪਰੀਮ ਕੋਰਟ ਨੂੰ ਚਿੰਤਤ ਕਰ ਦਿੱਤਾ ਹੈ। ਕੋਰਟ ਨੇ ਕੱਲ੍ਹ ਅਜਿਹੇ ਮਾਮਲਿਆਂ 'ਤੇ ਖ਼ੁਦ ਨੋਟਿਸ ਲਿਆ ਤੇ ਕ੍ਰਿਮੀਨਲ ਜਸਟਿਸ ਸਿਸਟਮ ਦੀ ਰਫ਼ਤਾਰ ਵਧਾਉਣ ਤੇ ਮੌਜੂਦਾ ਕਾਨੂੰਨ ਤੇ ਨਿਆ ਪ੍ਰਣਾਲੀ ਨੂੰ ਲਾਗੂ ਕਰਨ ਦੀ ਸਥਿਤੀ ਜਾਣਨ ਲਈ ਥਾਣੇ ਤੋਂ ਅਦਾਲਤ ਤੱਕ ਦਾ ਹਰ ਪੱਧਰ ਦਾ ਸਾਰਾ ਰਿਕਾਰਡ ਅਤੇ ਸਟੇਟਸ ਰਿਪੋਰਟ ਤਲਬ ਕੀਤੀ ਹੈ। ਕੋਰਟ ਨੇ ਇਸ ਮਾਮਲੇ 'ਚ ਕੇਂਦਰ ਤੇ ਸੂਬਾ ਸਰਕਾਰਾਂ ਤੋਂ ਇਲਾਵਾ ਸਾਰੀਆਂ ਹਾਈ ਕੋਰਟਾਂ ਦਾ ਰਜਿਸਟਰਾਰ ਜਨਰਲਾਂ ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ 'ਤੇ ਕੋਰਟ ਸੱਤ ਫਰਵਰੀ ਨੂੰ ਫਿਰ ਸੁਣਵਾਈ ਕਰੇਗੀ। ਚੀਫ ਜਸਟਿਸ ਏ ਐਸ ਬੋਬੜੇ, ਬੀ ਆਰ ਗਵਾਈ ਤੇ ਸੂਰੀਆਕਾਂਤ ਦੇ ਬੈਂਚ ਨੇ ਔਰਤਾਂ ਨਾਲ ਜਬਰ-ਜਨਾਹ ਅਤੇ ਸੈਕਸ ਸ਼ੋਸ਼ਣ ਦੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਕ੍ਰਿਮੀਨਲ ਜਸਟਿਸ ਸਿਸਟਪ ਦੀ ਸਮੀਖਿਆ ਕਰਨ ਬਾਰੇ ਖ਼ੁਦ ਨੋਟਿਸ ਲਿਆ। ਕੋਰਟ ਨੇ ਲੂਥਰਾ ਨੂੰ ਸਾਰੀ ਜਾਣਕਾਰੀ ਤੇ ਸੂਚਨਾ ਇਕੱਠੀ ਹੋਣ ਤੋਂ ਬਾਅਦ ਕਾਨੂੰਨ ਲਾਗੂ ਕਰਨ ਤੇ ਨਿਆ ਦੀ ਰਫ਼ਤਾਰ ਵਧਾਉਣ ਤੇ ਵਿਵਸਥਾ ਨੂੰ ਜ਼ਿਆਦਾ ਅਸਰਦਾਰ ਕਰਨ ਬਾਰੇ ਸੁਝਾਅ ਦੇਣ ਲਈ ਕਿਹਾ ਹੈ।

### ਨਾਗਰਿਕਤਾ ਸੋਧ ਬਿੱਲ:

## ਰੋਸ ਪ੍ਰਦਰਸ਼ਨ ਦੇ ਟ੍ਰੈਫਿਕ ਜਾਮ ਲੱਗਣ ਕਾਰਨ ਇੰਡੀਗੋ ਦੀਆਂ 19 ਉਡਾਨਾਂ ਰੱਦ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਨਾਗਰਿਕਤਾ ਸੋਧ ਬਿੱਲ ਬਾਰੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਭਾਰੀ ਭੀੜ ਵਲੋਂ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਕਾਰਨ ਥਾਂ-ਥਾਂ ਟ੍ਰੈਫਿਕ ਜਾਮ ਦੀ ਸਥਿਤੀ ਬਣ ਗਈ ਹੈ। ਗੁਰੂਗ੍ਰਾਮ-ਦਿੱਲੀ ਬਾਰਡਰ ਉੱਤੇ ਟ੍ਰੈਫਿਕ ਦੀਆਂ ਤਸਵੀਰਾਂ ਕਾਫੀ ਹੈਰਾਨ ਕਰਨ ਵਾਲੀਆਂ ਦਿੱਸ ਰਹੀਆਂ ਹਨ। ਇਸ ਭਾਰੀ ਟ੍ਰੈਫਿਕ ਕਾਰਨ ਹਵਾਈ ਯਾਤਰੀ ਵੀ ਪ੍ਰਭਾਵਤ ਹੋ ਰਹੇ ਹਨ। ਅਜਿਹਾ ਪਹਿਲੀ ਵਾਰ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਕਈ ਫਲਾਈਟਾਂ ਨੂੰ ਇਕੱਠੇ ਕੈਂਸਲ ਕਰ ਦਿੱਤਾ ਗਿਆ ਹੋਵੇ।

ਇੰਡੀਗੋ ਏਅਰਲਾਈਨਜ਼ ਦੇ ਮੁਤਾਬਕ ਉਨ੍ਹਾਂ ਦੇ ਕਈ ਕਰੂਅ ਮੈਂਬਰ ਇਸ ਟ੍ਰੈਫਿਕ ਵਿੱਚ ਫਸਣ ਨਾਲ ਇੰਡੀਗੋ ਨੇ 10 ਫਲਾਈਟਾਂ ਕੈਂਸਲ ਕੀਤੀਆਂ ਹਨ। ਦੂਜੇ ਪਾਸੇ ਸਪਾਈਸ ਜੈੱਟ ਤੇ ਏਅਰ ਇੰਡੀਆ ਦੀ 1-1 ਫਲਾਈਟ ਰੱਦ ਹੋਈ ਹੈ। ਵਰਨਣ ਯੋਗ ਹੈ ਕਿ ਦੇਸ਼ ਵਿੱਚ ਪਹਿਲੀ ਵਾਰ ਟ੍ਰੈਫਿਕ ਜਾਮ ਕਾਰਨ ਕਿਸੇ ਕੰਪਨੀ ਨੇ ਫਲਾਈਟਸ ਕੈਂਸਲ ਕੀਤੀਆਂ ਹਨ। ਅੱਜ ਨੈਸ਼ਨਲ ਹਾਈਵੇ ਉੱਤੇ ਟ੍ਰੈਫਿਕ ਜਾਮ ਵਿੱਚ ਕਰੂਅ ਦੇ ਫਸਣ ਨਾਲ 16 ਉਡਾਣਾਂ ਲੇਟ ਪੁੱਜੀਆਂ। ਇੰਡੀਗੋ ਦੇ ਬਿਆਨ ਅਨੁਸਾਰ 'ਟ੍ਰੈਫਿਕ ਜਾਮ ਕਾਰਨ ਕਰੂਅ ਸਮੇਂ ਸਿਰ ਹਵਾਈ ਅੱਡੇ ਤੱਕ ਨਹੀਂ ਪਹੁੰਚ ਸਕਿਆ। ਇਸ ਕਾਰਨ ਅਸੀਂ ਦਿੱਲੀ ਤੋਂ ਬਾਹਰ ਆਪਣੀ ਫਲਾਈਟ ਸ਼ੈਡਿਊਲ ਨੂੰ ਰੀਸ਼ੈਡਿਊਲ ਕੀਤਾ। ਇਸ ਵਿਚ ਦਿੱਲੀ ਤੋਂ ਜਾ ਰਹੀਆਂ ਕਰੀਬ 10 ਫੀਸਦੀ ਉਡਾਣਾਂ ਸ਼ਾਮਲ ਹਨ। ਜੇ ਅੱਗੇ ਵੀ ਫਲਾਈਟ ਰੱਦ ਕਰਨ ਦੀ ਲੋੜ ਪਈ ਤਾਂ ਅਸੀਂ ਇਸ ਲਈ ਬਣਦੇ ਕਦਮ ਚੁੱਕਾਂਗੇ।'

ਇਹ ਆਪਣੇ ਆਪ ਵਿੱਚ ਪਹਿਲਾ ਕੇਸ ਹੈ ਕਿ ਸੜਕ ਜਾਮ ਕਾਰਨ ਕੰਪਨੀ ਨੂੰ ਇੰਨੀ ਵੱਡੇ ਪੈਮਾਨੇ ਉੱਤੇ ਐਕਸ਼ਨ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਨਾਗਰਿਕਤਾ ਸੋਧ ਬਿੱਲ ਦੇ ਖਿਲਾਫ ਦਿੱਲੀ ਸਮੇਤ ਦੇਸ਼ ਭਰ ਦੇ ਕਈ ਸ਼ਹਿਰਾਂ ਵਿੱਚ ਪ੍ਰਦਰਸ਼ਨ ਹੋ ਰਿਹਾ ਹੈ। ਇਸੇ ਕਾਰਨ ਦਿੱਲੀ ਦੇ ਕਈ ਇਲਾਕਿਆਂ ਵਿੱਚ ਪ੍ਰਦਰਸ਼ਨ ਜਾਰੀ ਹੈ।

## ਜੈਪੁਰ ਬੰਬ ਧਮਾਕਾ ਕੇਸ ਵਿੱਚ ਚਾਰ ਜਣੇ ਦੋਸ਼ੀ ਕਰਾਰ



ਜੈਪੁਰ, 19 ਦਸੰਬਰ (ਪੋਸਟ ਬਿਊਰੋ)- ਰਾਜਸਥਾਨ ਦੀ ਇੱਕ ਵਿਸ਼ੇਸ਼ ਅਦਾਲਤ ਨੇ ਜੈਪੁਰ ਬੰਬ ਧਮਾਕਾ ਕੇਸ ਵਿੱਚ ਕੱਲ੍ਹ ਇਥੇ ਚਾਰ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ, ਜਦ ਕਿ ਇੱਕ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਹੈ। ਅਦਾਲਤ ਵਿੱਚ ਅੱਗੋਂ ਦੋਸ਼ੀਆਂ ਨੂੰ ਸਜ਼ਾ ਦੇ ਅਨੁਪਾਤ 'ਤੇ ਬਹਿਸ ਹੋਵੇਗੀ ਅਤੇ ਉਸ ਤੋਂ ਬਾਅਦ ਸਜ਼ਾ ਸੁਣਾਈ ਜਾਏਗੀ। ਮਾਮਲੇ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ ਦੇ ਜੱਜ ਅਜੈ ਕੁਮਾਰ ਸ਼ਰਮਾ ਨੇ ਆਪਣਾ ਫੈਸਲਾ ਸੁਣਾਇਆ।

ਸਰਕਾਰੀ ਵਕੀਲ ਸ੍ਰੀ ਚੰਦ ਨੇ ਦੱਸਿਆ ਕਿ ਆਈ ਪੀ ਸੀ ਦੀ ਧਾਰਾ 302, 307, 324, 326, 120 ਦੀ ਅਤੇ 153 ਏ ਅਧੀਨ ਮੁਲਜ਼ਮਾਂ ਨੂੰ ਦੋਸ਼ੀ ਮੰਨਿਆ ਗਿਆ ਹੈ। ਇਸ ਦੇ ਨਾਲ ਹੀ ਵਿਸਫੋਟਕ ਪਦਾਰਥ ਐਕਟ ਦੀ ਧਾਰਾ ਤਿੰਨ ਅਧੀਨ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਸਰਕਾਰੀ ਪੱਖ ਵੱਲੋਂ 1272 ਗਵਾਹ ਤੇ ਬਚਾਅ ਪੱਖ ਵੱਲੋਂ 24 ਗਵਾਹ ਪੇਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਅਦਾਲਤ ਨੂੰ ਬੇਨਤੀ ਕੀਤੀ ਜਾਏਗੀ। ਸਰਕਾਰੀ ਵਕੀਲ ਨੇ ਕਿਹਾ ਕਿ ਮੈਂ ਤਾਂ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਬੇਨਤੀ ਕੀਤੀ ਹੈ।

ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਖੇ 13 ਮਈ 2008 ਦੀ ਸ਼ਾਮ ਨੂੰ ਲਗਭਗ ਸਵਾ ਸੱਤ ਵਜੇ 15 ਮਿੰਟ ਅੰਦਰ ਲੜੀਵਾਰ ਅੱਠ ਧਮਾਕੇ ਹੋਏ ਸਨ ਤੇ ਸੱਤਰ ਵਿਅਕਤੀਆਂ ਦੀ ਮੌਤ ਹੋਈ ਸੀ। ਨਾਲ ਹੀ 185 ਵਿਅਕਤੀ ਜ਼ਖਮੀ ਵੀ ਹੋਏ ਸਨ। ਉਨ੍ਹਾਂ ਇਨ੍ਹਾਂ ਧਮਾਕਿਆਂ ਨੂੰ ਜੈਪੁਰ ਦੇ ਪਰਕੋਟੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜਿਨ੍ਹਾਂ ਚਾਰ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਉਨ੍ਹਾਂ 'ਚ ਮੁਹੰਦਮ ਸਰਵਰ ਆਜ਼ਮੀ, ਮੁਹੰਮਦ ਸੈਫ, ਮੁਹੰਮਦ ਸਲਮਾਨ ਅਤੇ ਸੈਫ-ਉਰ-ਰਹਿਮਾਨ ਸ਼ਾਮਲ ਹਨ। ਇੱਕ ਜਣੇ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ, ਜਿਸ ਦੀ ਪਛਾਣ ਸ਼ਾਹਬਾਜ਼ ਹੁਸੈਨ ਵਜੋਂ ਹੋਈ ਹੈ। ਸ਼ਾਹਬਾਜ਼ 'ਤੇ ਧਮਾਕਿਆਂ ਦੀ ਜ਼ਿੰਮੇਵਾਰੀ ਲੈਣ ਦਾ ਈ-ਮੇਲ ਭੇਜਣ ਦਾ ਦੋਸ਼ ਹੈ।

## ਹਰ ਚਾਰ ਵਿੱਚੋਂ ਤਿੰਨ ਬੱਚਿਆਂ ਨੂੰ ਨਿਕੋਟਿਨ ਵੱਲ ਧੱਕਦੀ ਹੈ ਈ-ਸਿਗਰਟ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਅਮਰੀਕਨ ਜਰਨਲ ਆਫ ਪ੍ਰਿਵੈਂਟਿਵ ਮੈਡੀਸਨ ਵਿੱਚ ਛਪੀ ਤਾਜ਼ਾ ਰਿਪੋਰਟ ਦੇ ਅਨੁਸਾਰ ਜੋ ਟੀਨੇਜਰਸ ਰੈਗੂਲਰ ਬੇਸਿਸ ਉੱਤੇ ਈ-ਸਿਗਰੇਟ ਦੀ ਵਰਤੋਂ ਕਰਦੇ ਹਨ, ਉਨ੍ਹਾਂ ਵਿੱਚ ਦੂਸਰੀ ਤਰ੍ਹਾਂ ਦੀ ਡਰੱਗਸ ਦੀ ਤਲਬ ਵਧ ਰਹੀ ਹੈ। ਟੀਨੇਜ਼ਰਸ ਪਹਿਲਾਂ ਵੱਖ-ਵੱਖ ਫਲੇਵਰ ਦੀ ਈ-ਸਿਗਰਟ ਇੰਜੁਆਏ ਕਰਦੇ ਹਨ ਅਤੇ ਫਿਰ ਹੌਲੀ-ਹੌਲੀ ਵਧਦੇ ਹੋਏ ਇਨ੍ਹਾਂ ਦਾ ਸ਼ੌਕ ਨਿਕੋਟਿਨ, ਮਰਿਜੁਆਨਾ ਸਿਗਰਟ ਵੱਲ ਜਾਂਦਾ ਹੈ।

ਦੋ ਸਾਲ ਤੋਂ ਚੱਲ ਰਹੀ ਸਟੱਡੀ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਅਜਿਹੇ ਹਰ ਚਾਰ ਟੀਨੇਜਰਸ ਵਿੱਚੋਂ ਤਿੰਨ ਅੱਗੇ ਚੱਲ ਕੇ ਸਮੋਕਿੰਗ ਕਰਨ ਲੱਗਦੇ ਹਨ, ਜੋ ਰੋਜ਼ ਫਲੇਵਰਡ ਈ-ਸਿਗਰਟ ਦੀ ਵਰਤੋਂ ਕਰਦੇ ਹਨ। ਅਮਰੀਕਾ ਵਿੱਚ ਹੋਈ ਇਸ ਸਟੱਡੀ ਦੇ ਨਤੀਜਿਆਂ ਤੋਂ ਪਾਲਿਸੀ ਮੇਕਰਸ ਦਾ ਪਰੇਸ਼ਾਨ ਹੋਣਾ ਲਾਜ਼ਮੀ ਹੈ। ਸਟੱਡੀ ਵਿੱਚ ਸਾਹਮਣੇ ਆਇਆ ਹੈ ਕਿ ਫਲੇਵਰਡ ਈ-ਸਿਗਰਟ ਦੀ ਵਰਤੋਂ ਕਰਨ ਵਾਲੇ ਟੀਨੇਜਰਸ ਵਿੱਚੋਂ ਕਰੀਬ ਅੱਠ ਫੀਸਦੀ ਨੇ ਪਿਛਲੇ ਤੀਹ ਦਿਨਾਂ ਵਿੱਚ ਨਿਕੋਟਿਨ ਦਾ ਵਰਤੋਂ ਕੀਤੀ ਸੀ, ਜਦ ਕਿ ਤਿੰਨ ਫੀਸਦੀ ਨੇ ਮਰਿਜੁਆਨਾ ਦਾ। ਉਥੇ ਹੀ ਬਾਕੀ ਟੀਨੇਜਰਸ ਇਨ੍ਹਾਂ ਦੀ ਵਰਤੋਂ ਨੂੰ ਲੈ ਕੇ ਅਨੁਭਵ ਕਰਨ ਦੇ ਬਾਰੇ ਵਿੱਚ ਵਿਚਾਰ ਕਰ ਰਹੇ ਸਨ।

ਯੂ ਐੱਸ ਏ ਵਿੱਚ ਪਬਲਿਕ ਹੈਲਥ ਸੈਕਟਰ ਨਾਲ ਜੁੜੇ ਤੇ ਇਸ ਰਿਸਰਚ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਉਣ ਵਾਲੇ ਐਸੋਸੀਏਟ ਪ੍ਰੋਫੈਸਰ ਹੋਗਯਿੰਗ ਡਾਈ ਦੇ ਅਨੁਸਾਰ ਸਾਡੀ ਸਟੱਡੀ ਵਿੱਚ ਈ-ਸਿਗਰਟ ਵਰਤਣ ਵਾਲੇ ਟੀਨੇਜਰਸ ਵੱਲੋਂ ਵੀ ਡਰਾਉਣੀ ਤਸਵੀਰ ਪਤਾ ਲੱਗੀ ਹੈ। ਖੋਜ ਤੋਂ ਸਾਬਤ ਹੋਇਆ ਕਿ ਕੁਝ ਬੱਚੇ ਫਲੇਵਰਡ ਈ-ਸਿਗਰਟ ਦੀ ਵਰਤੋਂ ਦੇ ਨਾਲ ਨਿਕੋਟਿਨ ਅਤੇ ਮਰਿ-ਜੁਆਨਾ ਵੱਲ ਮੁੜ ਗਏ। ਬਾਕੀ ਬੱਚਿਆਂ ਨੇ ਕੁਝ ਸਮੇਂ ਬਾਅਦ ਪੂਰੀ ਤਰ੍ਹਾਂ ਇਨ੍ਹਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਕਾਰਨ ਸਟੂਡੈਂਟਸ ਵਿੱਚ ਨਿਕੋਟਿਨ ਦਾ ਇਸਤੇਮਾਲ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ।

## ਸਾਇਰਸ ਮਿਸਤਰੀ ਫਿਰ ਟਾਟਾ ਸੰਜ਼ ਦੇ ਚੇਅਰਮੈਨ ਬਣਨਗੇ

ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਸਾਇਰਸ ਮਿਸਤਰੀ ਨੂੰ ਕੱਲ੍ਹ ਵੱਡੀ ਜਿੱਤ ਮਿਲੀ। ਨੈਸ਼ਨਲ ਕੰਪਨੀ ਲਾਅ ਅਪੀਲੇ ਟ੍ਰਿਬਿਊਨਲ (ਐੱਨ ਸੀ ਐੱਲ ਏ ਟੀ) ਨੇ ਮਿਸਤਰੀ ਨੂੰ ਟਾਟਾ ਸੰਜ਼ ਦਾ ਕਾਰਜਕਾਰੀ ਚੇਅਰਮੈਨ ਬਹਾਲ ਕਰਨ ਦਾ ਆਦੇਸ਼ ਦਿੱਤਾ ਹੈ। ਅਪੀਲੀ ਟ੍ਰਿਬਿਊਨਲ ਨੇ ਐੱਨ ਚੰਦਰਾ ਦੇ ਕਾਰਜਕਾਰੀ ਚੇਅਰਮੈਨ ਅਹੁਦੇ ਉੱਤੇ ਨਿਯੁਕਤੀ ਨੂੰ ਗੈਰ ਕਾਨੂੰਨੀ ਕਿਹਾ। ਟ੍ਰਿਬਿਊਨਲ ਨੇ ਕਿਹਾ ਕਿ ਬਹਾਲੀ ਦਾ ਆਦੇਸ਼ ਚਾਰ ਹਫਤਿਆਂ ਤੱਕ ਅਮਲ 'ਚ ਆਵੇਗਾ।

ਟਾਟਾ ਸੰਜ਼ ਨੂੰ ਅਪੀਲ ਕਰਨ ਲਈ ਇਹ ਸਮਾਂ ਦਿੱਤਾ ਗਿਆ ਹੈ। ਟ੍ਰਿਬਿਊਨਲ ਨੇ ਰਤਨ ਟਾਟਾ ਨੂੰ ਨਿਰਦੇਸ਼ ਦਿੱਤੇ ਹਨ ਕਿ ਟਾਟਾ ਸੰਜ਼ ਦੇ ਬੋਰਡ ਤੋਂ ਦੂਰ ਰਹਿਣ। ਓਧਰ ਟਾਟਾ ਸੰਜ਼ ਨੇ ਕਿਹਾ ਹੈ ਕਿ ਉਹ ਨੈਸ਼ਨਲ ਕੰਪਨੀ ਲਾਅ ਅਪੀਲੇ ਟ੍ਰਿਬਿਊਨਲ (ਐੱਨ ਸੀ ਐੱਲ ਏ ਟੀ) ਦੇ ਆਦੇਸ਼ ਖਿਲਾਫ ਉਚਿਤ ਕਾਨੂੰਨੀ ਕਦਮ ਉਠਾਵੇਗੀ। ਟਾਟਾ ਸੰਜ਼ ਨੇ ਇਸ ਫੈਸਲੇ ਤੋਂ ਬਾਅਦ ਕਿਹਾ, ਇਹ ਸਾਫ ਨਹੀਂ ਕਿ ਕਿਵੇਂ ਐੱਨ ਸੀ ਐੱਲ ਏ ਟੀ ਨੇ ਉਸ ਦੇ ਅਤੇ ਉਸ ਦੀਆਂ ਸੂਚੀਬੱਧ ਕੰਪਨੀਆਂ ਦੇ ਸ਼ੇਅਰ ਧਾਰਕਾਂ ਦੀ ਨਿਯਮਿਤ ਤਰੀਕੇ ਨਾਲ ਬੁਲਾਈ ਸ਼ੇਅਰ ਧਾਰਕ ਬੈਠਕ ਵਿੱਚ ਲਏ ਫੈਸਲੇ ਨੂੰ ਪਲਟ ਦਿੱਤਾ।

ਫੈਸਲੇ 'ਤੇ ਸਾਇਰਸ ਮਿਸਤਰੀ ਨੇ ਕਿਹਾ ਹੈ ਕਿ ਇਹ ਸਿਰਫ ਵਿਅਕਤੀਗਤ ਜਿੱਤ ਨਹੀਂ, ਸਗੋਂ ਗੁੱਡ ਗਵਰਨੈਂਸ ਦੇ ਸਿਧਾਂਤਾਂ ਤੇ ਘੱਟ ਸ਼ੇਅਰ ਧਾਰਕਾਂ ਦੇ ਅਧਿਕਾਰਾਂ ਦੀ ਜਿੱਤ ਹੈ। ਇਹ ਫੈਸਲਾ ਸਾਡੇ ਦਾਅਵਿਆਂ ਦਾ ਸਬੂਤ ਹੈ। ਮਿਸਤਰੀ ਪਰਵਾਰ ਪੰਜਾਹ ਸਾਲ ਤੋਂ ਟਾਟਾ ਸੰਜ਼ ਦਾ ਅਹਿਮ ਸ਼ੇਅਰਧਾਰਕ ਹੈ। ਮੈਂ ਸੋਚਦਾ ਹਾਂ ਕਿ ਹੁਣ ਸਮਾਂ ਆ ਗਿਆ ਹੈ ਕਿ ਟਾਟਾ ਗਰੁੱਪ ਦੇ ਲਗਾਤਾਰ ਵਿਕਾਸ ਲਈ ਮਿਲ ਕੇ ਕੰਮ ਕੀਤਾ ਜਾਵੇ।

### ਨਾਗਰਿਕਤਾ ਕਾਨੂੰਨ ਦਾ ਵਿਰੋਧ

## ਉਰਦੂ ਲੇਖਕ ਮੁਜਤਬਾ ਹੁਸੈਨ ਵੱਲੋਂ ਪਦਮ ਸ੍ਰੀ ਮੋੜਨ ਦਾ ਫੈਸਲਾ



ਹੈਦਰਾਬਾਦ, 19 ਦਸੰਬਰ (ਪੋਸਟ ਬਿਊਰੋ)- ਸੋਧੇ ਹੋਏ ਨਾਗਰਿਕਤਾ ਕਾਨੂੰਨ ਵਿਰੁੱਧ ਹੋ ਰਹੇ ਪ੍ਰਦਰਸ਼ਨਾਂ ਵਿਚਾਲੇ ਉਰਦੂ ਲੇਖਕ ਮੁਜਤਬਾ ਹੁਸੈਨ ਨੇ ਆਪਣਾ ਪਦਮ ਸ੍ਰੀ ਪੁਰਸਕਾਰ ਵਾਪਸ ਕਰਨ ਦਾ ਫੈਸਲਾ ਕੀਤਾ ਤੇ ਕਿਹਾ ਹੈ ਕਿ ਉਹ ਦੇਸ਼ ਦੇ ਮੌਜੂਦਾ ਹਾਲਾਤ ਤੋਂ ਖੁਸ਼ ਨਹੀਂ, ਇਸ ਲਈ ਇਹ ਕਦਮ ਚੁੱਕ ਰਹੇ ਹਨ।

ਹੁਸੈਨ ਨੇ ਦੋਸ਼ ਲਾਇਆ ਕਿ ਅਪਰਾਧਕ ਸਰਗਰਮੀਆਂ ਰੋਜ਼ ਵਧ ਰਹੀਆਂ ਹਨ ਤੇ ਜਮਹੂਰੀਅਤ ਖਤਰੇ ਵਿੱਚ ਹੈ। ਉਨ੍ਹਾਂ ਕਿਹਾ, ਗਾਂਧੀ ਜੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਮੌਲਾਨਾ ਅਬਦੁਲ ਕਲਾਮ ਆਜ਼ਾਦ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਨੇ ਜਿਹੜਾ ਜਮਹੂਰੀ ਤਾਣਾ ਬਾਣਾ ਬੁਣਿਆ ਸੀ, ਉਹ ਲੀਰੋ ਲੀਰ ਕੀਤਾ ਜਾ ਰਿਹਾ ਹੈ। ਹੁਸੈਨ ਨੇ ਕਿਹਾ ਕਿ ਲੋਕਾਂ ਦੀ ਆਵਾਜ਼ ਦਬਾਈ ਜਾ ਰਹੀ ਹੈ, ਕਈਆਂ ਨੂੰ ਮਾਰਿਆ ਜਾ ਰਿਹਾ ਹੈ ਅਤੇ ਗਰੀਬ ਲੋਕ ਹੱਸਣ ਦੀ ਹਾਲਤ ਵਿੱਚ ਨਹੀਂ ਹਨ। ਹੁਸੈਨ ਨੂੰ 2007 ਵਿੱਚ ਉਰਦੂ ਸਾਹਿਤ ਵਿੱਚ ਯੋਗਦਾਨ ਲਈ ਪਦਮ ਸ੍ਰੀ ਨਾਲ ਨਿਵਾਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਦੇਸ਼ ਦੇ ਇਨ੍ਹਾਂ ਹਾਲਾਤ ਲਈ ਭਾਜਪਾ ਨੂੰ ਜ਼ਿੰਮੇਵਾਰ ਨਹੀਂ ਮੰਨਣਗੇ। ਰਾਜਨੀਤੀ ਦਾ ਪੱਧਰ ਡਿੱਗ ਰਿਹਾ ਹੈ। 87 ਸਾਲਾ ਲੇਖਕ ਮੁਤਾਬਕ ਪਹਿਲਾਂ ਨੇਤਾ ਰਾਜਨੇਤਾ ਹੁੰਦੇ ਸਨ। ਅੱਜਕੱਲ੍ਹ ਅਜਿਹਾ ਨਹੀਂ। ਇਨਾਮ ਮੋੜਨ ਦਾ ਕਾਰਨ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਅੱਜ ਦੇ ਹਾਲਾਤ ਤੋਂ ਦੁਖੀ ਹਨ। ਉਨ੍ਹਾਂ ਕਿਹਾ, ਨਾਗਰਿਕ ਵਜੋਂ ਮੈਂ ਦੇਸ਼ ਵਿੱਚ ਖੁਸ਼ ਨਹੀਂ ਹਾਂ। ਭੀੜ ਲੋਕਾਂ ਦੀ ਹੱਤਿਆ ਕਰ ਰਹੀ ਹੈ, ਬਲਾਤਕਾਰ ਹੋ ਰਹੇ ਹਨ, ਅਪਰਾਧਕ ਗਤੀਵਿਧੀਆਂ ਵਧ ਰਹੀਆਂ ਹਨ।

## ਏਅਰ ਹੋਸਟੈਸ ਵੱਲੋਂ ਖੁਦਕੁਸ਼ੀ ਲਈ ਪੀ ਜੀ ਦੇ ਮਾਲਕ ਉੱਤੇ ਤੰਗ ਕਰਨ ਦਾ ਦੋਸ਼

ਗੁਰੂਗ੍ਰਾਮ, 19 ਦਸੰਬਰ (ਪੋਸਟ ਬਿਊਰੋ)- ਡੀ ਐੱਲ ਐੱਫ ਫੇਜ਼-ਤਿੰਨ ਵਿਚਲੀ ਇਕ ਪੀ ਜੀ ਵਿੱਚ ਰਹਿ ਰਹੀ ਪੱਛਮੀ ਬੰਗਾਲ ਦੇ ਸਿਲੀਗੁੜੀ ਦੀ ਵਸਨੀਕ ਏਅਰ ਹੋਸਟੈਸ ਮਿਸ਼ਟੂ ਸਰਕਾਰ (23) ਨੇ ਖੁਦਕੁਸ਼ੀ ਕਰ ਲਈ ਹੈ। ਪੁਲਿਸ ਨੂੰ ਮੌਕੇ ਤੋਂ ਕੋਈ ਸੁਸਾਇਡ ਨੋਟ ਨਹੀਂ ਮਿਲਿਆ, ਪਰ ਉਸ ਦੇ ਪਿਤਾ ਹਵਲ ਚੰਦਰ ਸਰਕਾਰ ਦੀ ਸ਼ਿਕਾਇਤ ਉੱਤੇ ਡੀ ਐੱਲ ਐੱਫ ਫੇਜ਼-ਤਿੰਨ ਥਾਣਾ ਦੀ ਪੁਲਿਸ ਨੇ ਪੀ ਜੀ ਮਾਲਕ ਅਮਰਿੰਦਰ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਹਵਲ ਚੰਦਰ ਸਰਕਾਰ ਨੇ ਪੁਲਿਸ ਨੂੰ ਸ਼ਿਕਾਇਤ ਵਿੱਚ ਕਿਹਾ ਕਿ ਉਨ੍ਹਾਂ ਦੀਆਂ ਦੋ ਧੀਆਂ ਹਨ। ਵੱਡੀ ਬੇਟੀ ਮਿਸ਼ਟੂ ਸਰਕਾਰ ਜੈੱਟ ਸਪਾਈਸ ਏਅਰਵੇਜ਼ ਦੀ ਏਅਰ ਹੋਸਟੈਸ ਸੀ। ਉਹ ਡੀ ਐੱਲ ਐੱਫ ਫੇਜ਼-ਤਿੰਨ ਦੇ ਮਕਾਨ ਵਿਚਲੀ ਪੀ ਜੀ ਵਿੱਚ ਰਹਿ ਰਹੀ ਸੀ। ਮੰਗਲਵਾਰ ਦੇਰ ਰਾਤ ਉਨ੍ਹਾਂ ਦੀ ਬੇਟੀ ਨੇ ਦੋ ਵਾਰੀ ਕਾਲ ਕੀਤੀ ਅਤੇ ਕਿਹਾ ਕਿ ਪੀ ਜੀ ਦਾ ਮਾਲਕ ਅਮਰਿੰਦਰ ਸਿੰਘ ਵਾਰ-ਵਾਰ ਤੰਗ ਕਰਦਾ ਹੈ। ਉਸ ਨੇ ਫੋਨ ਵੀ ਹੈਕ ਕਰ ਲਿਆ ਹੈ। ਇਹ ਵੀ ਕਿਹਾ ਕਿ ਉਸ ਨਾਲ ਸਭ ਦੇ ਸਾਹਮਣੇ ਬਦਸਲੂਕੀ ਕੀਤੀ ਗਈ ਹੈ ਅਤੇ ਉਸ ਨੇ ਘਰ ਆਉਣਾ ਹੈ। ਬੇਟੀ ਦੀ ਗੱਲ ਸੁਣ ਕੇ ਪਿਤਾ ਨੇ ਕਿਹਾ ਕਿ ਕੋਈ ਨਹੀਂ, ਘਰ ਆ ਜਾਓ ਤੇ ਫੋਨ ਰੱਖ ਦਿੱਤਾ। ਉਸ ਤੋਂ ਬਾਅਦ ਪੀ ਜੀ ਮਾਲਿਕ ਦਾ ਫੋਨ ਆਇਆ ਅਤੇ ਕਿਹਾ ਕਿ ਉਨ੍ਹਾਂ ਦੀ ਬੇਟੀ ਕੁਝ ਕਰ ਸਕਦੀ ਹੈ। ਅਗਲੇ ਦਿਨ ਉਨ੍ਹਾਂ ਨੂੰ ਸੂਚਨਾ ਦਿੱਤੀ ਗਈ ਕਿ ਬੇਟੀ ਨੇ ਖੁਦਕੁਸ਼ੀ ਕਰ ਲਈ। ਪੁਲਿਸ ਜਾਂਚ ਵਿੱਚ ਪਤਾ ਲੱਗਾ ਕਿ ਏਅਰ ਹੋਸਟੈਸ ਪੀ ਜੀ ਦੇ ਕਮਰੇ ਵਿਚ ਇਕੱਲੀ ਰਹਿੰਦੀ ਸੀ।

## ਬਲਾਤਕਾਰ ਦੀ ਕੋਸ਼ਿਸ਼ ਦੀ ਸ਼ਿਕਾਇਤ ਵਾਲੀ ਕੁੜੀ ਨੂੰ ਗੋਲੀ ਮਾਰੀ

ਸਾਸਾਰਾਮ, 19 ਦਸੰਬਰ (ਪੋਸਟ ਬਿਊਰੋ)- ਬਿਹਾਰ ਦੇ ਰੋਹਤਾਸ ਜ਼ਿਲ੍ਹੇ ਦੇ ਰਾਜਪੁਰ ਥਾਣੇ ਹੇਠਲੇ ਪਿੰਡ ਵਿੱਚ ਅਨੁਸੂਚਿਤ ਜਾਤੀ ਨਾਲ ਸਬੰਧਤ ਇੱਕ ਲੜਕੀ ਵੱਲੋਂ ਚਾਰ ਨੌਜਵਾਨਾਂ 'ਤੇ ਬਲਾਤਕਾਰ ਦੀ ਕੋਸ਼ਿਸ਼ ਦਾ ਦੋਸ਼ ਲਾਏ ਜਾਣ ਤੋਂ ਦੋ ਦਿਨ ਬਾਅਦ ਅਣਪਛਾਤੇ ਹਮਲਾਵਰਾਂ ਨੇ ਲੜਕੀ ਨੂੰ ਗੋਲੀ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਹੈ।

ਐਸ ਪੀ ਸੱਤਿਆਵੀਰ ਸਿੰਘ ਨੇ ਦੱਸਿਆ ਕਿ ਪੀੜਤਾ ਨਾਲ ਬਲਾਤਕਾਰ ਦੀ ਕੋਸ਼ਿਸ਼ ਕਰਨ ਵਾਲੇ ਜਾਫ਼ਰ ਖਾਨ, ਫਾਰੂਕ ਖਾਨ, ਸ਼ਰਬੂਖ ਖਾਨ ਤੇ ਆਜ਼ਾਦ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਤਣਾਅ ਖ਼ਤਮ ਕਰਨ ਲਈ ਪੁਲਸ ਦੀ ਟੀਮ 'ਚ ਪਿੰਡ ਵਿੱਚ ਹੀ ਰਹਿ ਰਹੀ ਸੀ। ਸਬ ਡਿਵੀਜ਼ਲ ਪੁਲਸ ਅਫ਼ਸਰ ਰਾਜਕੁਮਾਰ ਨੇ ਦੱਸਿਆ, 'ਪਰਵਾਰਕ ਜੀਆਂ ਅਨੁਸਾਰ ਚਾਰ ਜਣਿਆਂ ਨੇ ਪੀੜਤਾ ਦੇ ਘਰ ਦਾ ਦਰਵਾਜ਼ਾ ਖੜਕਾਇਆ ਤੇ ਕਿਹਾ ਕਿ ਉਹ ਪੀੜਤਾ ਦਾ ਇੰਟਰਵਿਊ ਲੈਣਾ ਚਾਹੁੰਦੇ ਹਨ। ਚਾਰ ਵਿੱਚੋਂ ਦੋ ਨੇ ਖ਼ੁਦ ਨੂੰ ਮੀਡੀਆ ਵਾਲੇ ਦੱਸਿਆ। ਘਰ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲੀ ਪੀੜਤਾ 'ਤੇ ਹਮਲਾਵਰਾਂ 'ਚੋਂ ਇੱਕ ਨੇ ਗੋਲੀ ਚਲਾ ਦਿੱਤੀ।" ਉਨ੍ਹਾਂ ਦੱਸਿਆ ਕਿ ਪੀੜਤਾ ਦਾ ਇਲਾਜ ਜਮੁਹਾਰ ਦੇ ਐਨ ਐਮ ਸੀ ਐਚ 'ਚ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰ ਲਈ ਛਾਪੇ ਮਾਰੇ ਜਾ ਰਹੇ ਹਨ।

## ਮੁਕਾਬਲੇ ਵਿਚ ਮਾਰੇ ਗਏ ਚਾਰੇ ਨੌਜਵਾਨਾਂ ਦੇ ਵਾਰਸ ਵੀ ਸੁਪਰੀਮ ਕੋਰਟ ਪਹੁੰਚੇ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਹੈਦਰਾਬਾਦ ਵਿੱਚ ਵੈਟਰਨਰੀ ਡਾਕਟਰ ਕੁੜੀ ਨਾਲ ਬਲਾਕਾਰ ਤੇ ਕਤਲ ਦੇ ਬਾਅਦ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਚਾਰਾਂ ਦੋਸ਼ੀਆਂ ਦੇ ਮਾਪਿਆਂ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਹੈ। ਇਸ ਵਿੱਚ ਉਨ੍ਹਾਂ ਨੇ ਇਸ ਪੁਲਸ ਮੁਕਾਬਲੇ ਵਿੱਚ ਸ਼ਾਮਲ ਪੁਲਿਸ ਵਾਲਿਆਂ ਦੇ ਖ਼ਿਲਾਫ਼ ਕੇਸ ਦਰਜ ਕਰਨ, ਜਾਂਚ ਕਰਵਾਉਣ ਤੇ ਅਪਰਾਧਕ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਵਕੀਲ ਪੀ ਵੀ ਕ੍ਰਿਸ਼ਨਾਮਚਾਰੀਆ ਅਤੇ ਆਰ ਸਥੀਸ਼ ਰਾਹੀਂ ਦਾਖ਼ਲ ਕੀਤੀ ਗਈ ਪਟੀਸ਼ਨ ਵਿੱਚ ਮਾਰੇ ਗਏ ਚਾਰੇ ਦੋਸ਼ੀਆਂ ਦੇ ਖ਼ਿਲਾਫ਼ ਦਰਜ ਕੇਸ ਰੱਦ ਕਰਨ ਅਤੇ ਆਪਣੇ ਪੁੱਤਰਾਂ ਦੀ ਪੁਲਿਸ ਹਿਰਾਸਤ ਵਿੱਚ ਮੌਤ ਲਈ 50-50 ਲੱਖ ਰੁਪਏ ਦੇ ਹਰਜਾਨੇ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮਰਨ ਵਾਲੇ ਨੌਜਵਾਨ ਬੇਕਸੂਰ ਹਨ। ਪੁਲਿਸ ਨੇ ਲੋਕਾਂ ਨੂੰ ਖੁਸ਼ ਕਰਨ ਤੇ ਅਸਲ ਦੋਸ਼ੀਆਂ ਨੂੰ ਬਚਾਉਣ ਵਾਸਤੇ ਸਬੂਤ ਖਤਮ ਕਰਨ ਲਈ ਚਾਰੇ ਜਣਿਆਂ ਨੂੰ ਝੂਠੇ ਮੁਕਾਬਲੇ ਵਿੱਚ ਮਾਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਪੁਲਿਸ ਅਸਲ ਦੋਸ਼ੀ ਫੜ ਨਹੀਂ ਸੀ ਸਕੀ। ਪਟੀਸ਼ਨ ਵਿੱਚ ਸਾਈਬਰਾਬਾਦ ਪੁਲਿਸ ਦੇ ਕਮਿਸ਼ਨਰ ਸੀ ਵੀ ਸੱਜਨਾਰ ਸਮੇਤ ਸਾਰੇ ਪੁਲਿਸ ਅਫਸਰਾਂ ਤੇ ਤੇਲੰਗਾਨਾ ਸਰਕਾਰ ਨੂੰ ਸਬੂਤਾਂ ਨਾਲ ਛੇੜਛਾੜ ਨਾ ਕਰਨ, ਮੁਕਾਬਲਾ ਕੇਸ ਵਿੱਚ ਦਖ਼ਲ ਨਾ ਦੇਣ ਤੇ ਗਵਾਹਾਂ ਨੂੰ ਪ੍ਰਭਾਵਤ ਨਾ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਵੀ ਕੀਤੀ ਗਈ ਹੈ।

MICHELIN Hankook Continental BFGoodrich ROADLUX AEOLUS COMPASAL Chevron Delo

Special OIL CHANGE Rates

BEST TRUCK REPAIR & TIRE CENTRE

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

We also Specialize in Engine, AC, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT | BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਵਿਗਿਆਨਕ ਲੇਖਾਂ ਪੱਖੋਂ ਸੰਸਾਰ ਵਿੱਚ ਭਾਰਤ ਤੀਜੀ ਥਾਂ ਉੱਤੇ

ਵਾਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ)- ਵਿਗਿਆਨ ਤੇ ਇੰਜੀਨੀਅਰਿੰਗ (ਸਾਇੰਸ ਐਂਡ ਇੰਜੀਨੀਅਰਿੰਗ) 'ਤੇ ਲੇਖਾਂ ਦੇ ਛਪਣ ਵਿੱਚ ਭਾਰਤ ਦੁਨੀਆ ਵਿੱਚ ਤੀਜੀ ਥਾਂ ਪਹੁੰਚ ਗਿਆ ਹੈ। 2018 ਵਿੱਚ ਭਾਰਤ ਵਿੱਚ 1.35 ਲੱਖ ਤੋਂ ਵੱਧ ਲੇਖ ਪ੍ਰਕਾਸ਼ਿਤ ਹੋਏ। ਇਸ ਮਾਮਲੇ ਵਿੱਚ ਚੀਨ ਸਿਖਰ 'ਤੇ ਜਦ ਕਿ ਅਮਰੀਕਾ ਦੂਜੇ ਸਥਾਨ 'ਤੇ ਹੈ।

ਅਮਰੀਕਾ ਦੀ ਏਜੰਸੀ ਨੈਸ਼ਨਲ ਸਾਇੰਸ ਫਾਊਂਡੇਸ਼ਨ (ਐੱਨ ਐੱਸ ਐੱਫ) ਦੇ ਅੰਕੜਿਆਂ ਮੁਤਾਬਕ 2018 ਵਿੱਚ ਦੁਨੀਆ ਭਰ ਵਿੱਚ ਵਿਗਿਆਨਕ ਲੇਖਾਂ ਦੇ ਛਪਣ ਦੀ ਗਿਣਤੀ ਵਧ ਕੇ 25, 55, 959 ਹੋ ਗਈ, ਜਦ ਕਿ 2008 ਵਿੱਚ ਇਹ ਗਿਣਤੀ 17,55,850 ਸੀ। ਵਿਸ਼ਵ ਪੱਧਰ 'ਤੇ ਇਹ ਵਾਧਾ 10 ਸਾਲ 'ਚ ਔਸਤਨ ਚਾਰ ਫੀਸਦੀ ਸਾਲਾਨਾ ਰਿਹਾ। ਭਾਰਤ ਵਿੱਚ 2008 'ਚ ਵਿਗਿਆਨ ਤੇ ਇੰਜੀਨੀਅਰਿੰਗ 'ਤੇ 48,998 ਲੇਖ ਪ੍ਰਕਾਸ਼ਿਤ ਹੋਏ ਸਨ, ਜਦ ਕਿ 2018 ਵਿੱਚ ਇਹ 10.73 ਫੀਸਦੀ ਦੀ ਔਸਤ ਸਾਲਾਨਾ ਵਾਧੇ ਦੇ ਨਾਲ ਵੱਧ ਕੇ 1,35,788 ਹੋ ਗਏ। ਦੁਨੀਆ ਵਿੱਚ ਵਿਗਿਆਨ ਅਤੇ ਇੰਜੀਨੀਅਰਿੰਗ 'ਤੇ ਛਪੇ ਕੁੱਲ ਲੇਖਾਂ ਵਿੱਚ ਭਾਰਤ ਦਾ ਹਿੱਸਾ 5.31 ਫੀਸਦੀ ਹੋ ਗਿਆ ਹੈ। ਚੀਨ ਵਿੱਚ ਛਪੇ ਲੇਖਾਂ ਦੀ ਗਿਣਤੀ 2008 ਦੇ 2,49,049 ਤੋਂ ਵੱਧ ਕੇ 2018 ਵਿੱਚ 5,28,263 ਹੋ ਗਈ ਹੈ। ਚੀਨ ਦਾ ਔਸਤ ਸਾਲਾਨਾ ਵਾਧਾ ਦਰ 7.81 ਫੀਸਦੀ ਰਹੀ। ਜਦ ਕਿ ਅਮਰੀਕਾ ਵਿੱਚ ਪ੍ਰਕਾਸ਼ਿਤ ਲੇਖਾਂ ਦੀ ਗਿਣਤੀ 0.71 ਫੀਸਦੀ ਦੀ ਔਸਤ ਸਾਲਾਨਾ ਵਾਧਾ ਦਰ ਨਾਲ 2008 ਦੇ 3,93,979 ਦੇ ਮੁਕਾਬਲੇ 2018 'ਚ 4,22,808 ਹੋ ਗਈ। ਸਿਖਰ ਵਾਲੇ 10 ਦੇਸ਼ਾਂ ਵਿੱਚ ਜਰਮਨੀ (1,04,396), ਜਾਪਾਨ (98,793), ਬ੍ਰਿਟੇਨ (97,681), ਰੂਸ (81,579), ਇਟਲੀ (71,240), ਦੱਖਣੀ ਕੋਰੀਆ (66376) ਤੇ ਫਰਾਂਸ (66352) ਸ਼ਾਮਲ ਹਨ। ਵੱਖ-ਵੱਖ ਦੇਸ਼ਾਂ 'ਚ ਪ੍ਰਕਾਸ਼ਿਤ ਲੇਖਾਂ ਦਾ ਮੁਹਾਰਤ ਖੇਤਰ ਵੀ ਵੱਖ-ਵੱਖ ਰਿਹਾ।

# ਨਾਗਰਿਕਤਾ ਕਾਨੂੰਨ ਉਤੇ ਇਮਰਾਨ ਵੱਲੋਂ ਐਟਮੀ ਜੰਗ ਦੀ ਧਮਕੀ



ਜੈਨੇਵਾ, 19 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇੱਕ ਵਾਰ ਫਿਰ ਐਟਮੀ ਜੰਗ ਦੀ ਧਮਕੀ ਦਿੱਤੀ ਹੈ। ਜੈਨੇਵਾ ਵਿੱਚ ਪਹਿਲੇ ਕੌਮਾਂਤਰੀ ਸ਼ਰਨਾਰਥੀ (ਗਲੋਬਲ ਰਫਿਊਜੀ) ਫੋਰਮ ਦੀ ਬੈਠਕ ਵਿੱਚ ਇਮਰਾਨ ਨੇ ਭਾਰਤ ਦੇ ਨਾਗਰਿਕਤਾ ਕਾਨੂੰਨ ਨੂੰ ਦੱਖਣੀ ਏਸ਼ੀਆ ਦਾ ਵੱਡਾ ਸ਼ਰਨਾਰਥੀ ਸੰਕਟ ਦੱਸਿਆ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਖੇਤਰੀ ਟੈਨਸ਼ਨ ਵਧੇਗੀ, ਸਗੋਂ ਦੋ ਐਟਮੀ ਦੇਸ਼ਾਂ ਵਿੱਚ ਟਕਰਾਅ ਵੀ ਹੋ ਸਕਦਾ ਹੈ।

ਇਮਰਾਨ ਖਾਨ ਦੇ ਬਿਆਨ ਉੱਤੇ ਟਿੱਪਣੀ ਕਰਦਿਆਂ ਭਾਰਤੀ ਵਿਦੇਸ਼ ਮੰਤਰਾਲਾ ਨੇ ਇਸ ਨੂੰ ਭਾਰਤ ਦੇ ਅੰਦਰੂਨੀ ਮੁੱਦਿਆਂ ਨੂੰ ਕੌਮਾਂਤਰੀ ਸਟੇਜਾਂ 'ਤੇ ਉਛਾਲਣ ਦੀ ਪਾਕਿਸਤਾਨ ਦੀ ਪੁਰਾਣੀ ਆਦਤ ਦੱਸਿਆ। ਜੈਨੇਵਾ ਵਿੱਚ ਯੂ ਐੱਨ ਵੱਲੋਂ ਕਰਾਏ ਪ੍ਰੋਗਰਾਮ ਵਿੱਚ ਇਮਰਾਨ ਨੇ ਭਾਰਤ ਦੇ ਨਾਗਰਿਕਤਾ ਕਾਨੂੰਨ ਦਾ ਮੁੱਦਾ ਉਠਾ ਕੇ ਕਿਹਾ ਕਿ ਤਿੰਨ ਦੇਸ਼ਾਂ ਦੇ ਗੈਰ ਮੁਸਲਿਮ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਦਾ ਫੈਸਲਾ ਵਿਤਕਰੇ ਭਰਿਆ ਹੈ। ਇਸ ਫੈਸਲੇ ਨਾਲ ਪੂਰੇ ਦੱਖਣੀ ਏਸ਼ੀਆ ਵਿੱਚ ਸ਼ਰਨਾਰਥੀਆਂ ਨੂੰ ਵੱਖ ਵੱਖ ਤਰ੍ਹਾਂ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪਏਗਾ। ਇਸ ਮੌਕੇ ਇਮਰਾਨ ਨੇ ਫਿਰ ਕਸ਼ਮੀਰ ਦਾ ਰਾਗ ਅਲਾਪਿਆ ਅਤੇ ਕਿਹਾ ਕਿ ਦੁਨੀਆ ਨੂੰ ਕਸ਼ਮੀਰ ਦੇ ਹਾਲਾਤ 'ਤੇ ਬਿਆਨ ਦੇਣਾ ਚਾਹੀਦਾ ਹੈ।

ਇਮਰਾਨ ਖਾਨ ਦੇ ਬਿਆਨ ਉਤੇ ਤਿੱਖੀ ਟਿੱਪਣੀ ਕਰਦਿਆਂ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਗੈਰ ਜ਼ਰੂਰੀ ਦਖਲ ਲਈ ਕੌਮਾਂਤਰੀ ਸਟੇਜ ਦੀ ਵਰਤੋਂ ਕਰ ਰਹੇ ਹਨ। ਦੁਨੀਆ ਨੂੰ ਪਤਾ ਹੈ ਕਿ ਬੀਤੇ 72 ਸਾਲਾਂ ਵਿੱਚ ਪਾਕਿਸਤਾਨ ਨੇ ਆਪਣੇ ਦੇਸ਼ ਵਿਚਲੇ ਘੱਟ ਗਿਣਤੀ ਲੋਕਾਂ 'ਤੇ ਅਤਿਆਚਾਰ ਕੀਤਾ ਹੈ। ਇਸ ਕਾਰਨ ਹੀ ਉਹ ਭਾਰਤ ਵਿੱਚ ਸ਼ਰਨ ਲੈਣ ਲਈ ਮਜਬੂਰ ਹੋਏ ਹਨ। ਪਾਕਿਸਤਾਨ ਨੂੰ ਧਾਰਮਿਕ ਘੱਟ ਗਿਣਤੀ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਲਈ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਉਹ ਉਥੇ ਸਤਿਕਾਰਯੋਗ ਢੰਗ ਨਾਲ ਰਹਿ ਸਕਣ।

# ਨਾਸਾ ਦਾ ਨਵਾਂ ਜਹਾਜ਼ ਨਿਊ ਯਾਰਕ ਤੋਂ ਦਿੱਲੀ ਸਿਰਫ਼ 8 ਘੰਟਿਆਂ ਵਿੱਚ ਪੁਚਾਵੇਗਾ



ਵਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਅਜਿਹਾ ਹਵਾਈ ਜਹਾਜ਼ ਤਿਆਰ ਕਰ ਲਿਆ ਹੈ, ਜੋ ਆਵਾਜ਼ ਦੀ ਰਫ਼ਤਾਰ ਤੋਂ ਡੇਢ ਗੁਣਾ ਵੱਧ ਨਾਲ ਲੋਕਾਂ ਨੂੰ ਮੰਜ਼ਲ ਤੱਕ ਪੁਚਾ ਸਕਦਾ ਹੈ। ਜੇ ਇਸ ਹਵਾਈ ਜਹਾਜ਼ ਦੀ ਤਕਨੀਕ ਦੇ ਆਧਾਰ ਉੱਤੇ ਨਵੇਂ ਹਵਾਈ ਜਹਾਜ਼ ਤਿਆਰ ਕੀਤੇ ਗਏ, ਤਾਂ ਅਗਲੇ ਦੋ ਸਾਲਾਂ ਵਿੱਚ ਲੋਕ ਮੁੜ ਆਵਾਜ਼ ਦੀ ਰਫ਼ਤਾਰ ਤੋਂ ਵੀ ਤੇਜ਼ ਰਫ਼ਤਾਰ ਨਾਲ ਉੱਡ ਸਕਣਗੇ।

ਮਿਲੀ ਜਾਣਕਾਰੀ ਅਨੁਸਾਰ ਜੇ ਇਹ ਜਹਾਜ਼ ਸਫ਼ਲ ਰਹੇ ਤਾਂ ਨਿਊ ਯਾਰਕ ਤੋਂ ਦਿੱਲੀ ਦੀ ਦੂਰੀ ਮਸਾਂ 8 ਘੰਟੇ ਰਹਿ ਜਾਵੇਗੀ। ਅੱਜਕੱਲ੍ਹ ਇਹ ਦੂਰੀ 15 ਤੋਂ 16 ਘੰਟਿਆਂ ਵਿੱਚ ਤਹਿ ਹੁੰਦੀ ਹੈ। ਨਾਸਾ ਦੇ ਇਸ ਹਵਾਈ ਜਹਾਜ਼ ਦਾ ਨਾਂਅ ਯ-59 ਕੁਐਸਟ ਰੱਖਿਆ ਗਿਆ ਹੈ। ਤਿੰਨ ਦਹਾਕਿਆਂ ਤੋਂ ਨਾਸਾ ਇਸ ਪ੍ਰੋਜੈਕਟ ਉੱਤੇ ਕੰਮ ਕਰ ਰਿਹਾ ਹੈ ਕਿ ਸੁਪਰਸੋਨਿਕ ਸਪੀਡ ਉੱਤੇ ਸੋਨਿਕ ਬੂਮ ਕਿਵੇਂ ਘਟਾਇਆ ਜਾਵੇ। ਨਾਸਾ ਮੁਤਾਬਕ ਹਾਲੇ ਯ-59 ਕੁਐਸਟ ਹਵਾਈ ਜਹਾਜ਼ ਦੀਆਂ ਪ੍ਰੀਖਣ ਉਡਾਣਾਂ ਚੱਲ ਰਹੀਆਂ ਸਨ, ਪਰ ਉਸ ਨੂੰ ਬਣਾਉਣ ਦੀ ਆਗਿਆ ਮਿਲ ਚੁੱਕੀ ਹੈ। ਸਾਲ 2020 ਦੇ ਅੰਤ ਇਸ ਜਹਾਜ਼ ਦਾ ਸ਼ਹਿਰੀ ਰੂਪ ਆ ਜਾਵੇਗਾ ਅਤੇ 2021 ਤੱਕ ਪਹਿਲੀ ਉਡਾਣ ਵੀ ਹੋ ਜਾਵੇਗੀ।

ਨਾਸਾ ਦੇ ਮੁਤਾਬਕ ਇਸ ਹਵਾਈ ਜਹਾਜ਼ ਦੇ ਪ੍ਰੀਖਣ ਤੇ ਅਗਲੇ ਵਿਕਾਸ ਦੇ ਲਈ ਲਗਭਗ ਕੁੱਲ 1,755 ਕਰੋੜ ਰੁਪਏ ਤੋਂ ਵੱਧ ਖ਼ਰਚਾ ਆਵੇਗਾ। ਲੌਕਹੀਡ ਮਾਰਟਿਨ ਇਸੇ ਲਾਗਤ ਹੇਠ ਇਸ ਜਹਾਜ਼ ਦੇ ਨਵੇਂ ਮਾਡਲ ਬਣਾਵੇਗਾ। ਯੂ-59 ਕੁਐਸਟ ਹਵਾਈ ਜਹਾਜ਼ ਦੀ ਰਫ਼ਤਾਰ 1,510 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ। ਨਵੀਂ ਦਿੱਲੀ ਤੋਂ ਨਿਊ ਯਾਰਕ ਦੀ ਦੂਰੀ ਲਗਭਗ 12,000 ਕਿਲੋਮੀਟਰ ਹੈ, ਜੋ ਇਸ ਰਫ਼ਤਾਰ ਨਾਲ 8 ਘੰਟਿਆਂ ਵਿੱਚ ਪੂਰੀ ਹੋ ਜਾਇਆ ਕਰੇਗੀ। ਸਾਲ 2003 ਵਿੱਚ ਓਦੋਂ ਦੇ ਸੁਪਰ-ਸੋਨਿਕ ਹਵਾਈ ਜਹਾਜ਼ ਨੂੰ ਇੱਕ ਹਾਦਸਾ ਪੇਸ਼ ਆਉਣ ਪਿੱਛੋਂ ਬੰਦ ਕਰ ਦਿੱਤਾ ਗਿਆ ਸੀ। ਉਸ ਦੀ ਰਫ਼ਤਾਰ 2,000 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਸੀ ਤੇ ਚੱਲਣ ਸਮੇਂ ਵੱਡੇ ਬੰਬ ਤੋਂ ਤੇਜ਼ ਆਵਾਜ਼ ਆਉਂਦੀ ਸੀ।

# ਗੱਡੀ ਚਲਾਉਂਦਿਆਂ ਮੋਬਾਈਲ 'ਤੇ ਗੱਲ ਕਰਦੇ 3300 ਡਰਾਈਵਰ ਪਹਿਲੇ ਹਫ਼ਤੇ ਫੜੇ



ਸਿਡਨੀ, 19 ਦਸੰਬਰ (ਪੋਸਟ ਬਿਊਰੋ)- ਦੁਨੀਆ ਦੇ ਪਹਿਲੇ 'ਮੋਬਾਈਲ ਡਿਟੈਕਸ਼ਨ' ਕੈਮਰੇ ਜੋ ਨਿਊ ਸਾਊਥ ਵੇਲਜ਼ ਸੂਬੇ 'ਚ ਲੱਗੇ ਹਨ, ਨੇ ਪਹਿਲੇ ਹਫ਼ਤੇ 3300 ਡਰਾਈਵਰ ਕਾਨੂੰਨ ਦੀ ਉਲੰਘਣਾ ਕਰਦੇ ਫੜੇ ਹਨ। ਵਰਨਣ ਯੋਗ ਹੈ ਕਿ ਸੜਕ ਹਾਦਸੇ ਘਟਾਉਣ ਲਈ ਡਰਾਇਵਿੰਗ ਕਰਦਿਆਂ ਮੋਬਾਈਲ ਦਾ ਵਰਤੋਂ ਕਰਦਿਆਂ ਨੂੰ ਫੜਨ ਲਈ ਕੈਮਰੇ ਲਾਏ ਹਨ। ਪਤਾ ਲੱਗਾ ਹੈ ਕਿ ਛੇ ਕੈਮਰਿਆਂ ਰਾਹੀਂ ਬੀਤੇ ਹਫ਼ਤੇ 7,73,000 ਕਾਰਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ 'ਚੋਂ 3300 ਡਰਾਈਵਰ ਮੋਬਾਈਲ ਵਰਤਦੇ ਫੜੇ ਗਏ। ਸਿਡਨੀ ਹਾਰਬਰ ਬ੍ਰਿਜ ਉਤੇ ਲੱਗੇ ਕੈਮਰੇ ਰਾਹੀਂ ਰੋਜ਼ ਸੈਂਕੜੇ ਲੋਕ ਮੋਬਾਈਲ ਦਾ ਵਰਤਦੇ ਦੇਖੇ ਗਏ। ਸਾਊਥ ਕੋਸਟ ਦੇ ਨੋਰਾ ਇਲਾਕੇ ਤੋਂ 126 ਡਰਾਈਵਰ ਮੋਬਾਈਲ ਕਰਦੇ ਫੜੇ ਗਏ। ਨਿਊ ਸਾਊਥ ਵੇਲਜ਼ ਰੋਡ ਮੰਤਰੀ ਅਡਰਿਓ ਕੋਨਸਟੈਂਸ ਨੇ ਕਿਹਾ ਕਿ ਨਤੀਜੇ ਨਿਰਾਸ਼ਾ ਜਨਕ ਹਨ। ਉਕਤ ਕੈਮਰੇ 300 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੀ ਗੱਡੀ ਦੀ ਤਸਵੀਰ ਵੀ ਬੜੀ ਆਰਾਮ ਨਾਲ ਖਿੱਚ ਸਕਦੇ ਹਨ। ਕੈਮਰੇ ਵਿੱਚ ਫੜੇ ਹੋਣ ਦੀ ਸੂਰਤ ਵਿੱਚ 344 ਡਾਲਰ ਦਾ ਜੁਰਮਾਨਾ ਕੀਤਾ ਜਾਵੇਗਾ।

# ਅਮਰੀਕਾ 'ਚ ਸੰਦੀਪ ਧਾਲੀਵਾਲ ਨੂੰ ਸੜਕ ਸਮਰਪਿਤ ਕੀਤੀ ਜਾਣ ਲੱਗੀ



ਹਿਊਸਟਨ, 19 ਦਸੰਬਰ (ਪੋਸਟ ਬਿਊਰੋ)- ਮਰਹੂਮ ਭਾਰਤੀ-ਅਮਰੀਕੀ ਪੁਲਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਸਨਮਾਨ 'ਚ ਭਾਈਚਾਰੇ ਦੇ ਆਗੂ ਇੱਥੇ ਇੱਕ ਸਥਾਈ ਯਾਦਗਾਰ ਬਣਾਉਣ ਲਈ ਕੰਮ ਕਰ ਰਹੇ ਹਨ। ਵਰਨਣ ਯੋਗ ਹੈ ਕਿ ਸੰਦੀਪ ਧਾਲੀਵਾਲ ਦੀ ਡਿਊਟੀ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ। ਹੈਰਿਸ ਕਾਊਂਟੀ ਕਮਿਸ਼ਨਰ ਕੋਰਟ ਨੇ ਬੀਤੇ ਦਿਨ ਸੈਮ ਹਿਊਸਟਨ ਟੌਲਵੇਅ ਦੇ ਇੱਕ ਹਿੱਸੇ ਦਾ ਨਾਂ ਧਾਲੀਵਾਲ ਦੇ ਨਾਮ ਉੱਤੇ ਰੱਖਣ ਦੀ ਸਿਫ਼ਾਰਸ਼ ਕੀਤੀ ਹੈ। ਕੋਰਟ ਦੇ ਮੈਂਬਰਾਂ ਨੇ ਪ੍ਰੈਸਿੰਕਟ-2 ਦੇ ਕਮਿਸ਼ਨਰ ਐਂਡਰੀਅਨ ਗਾਰਸੀਆ ਦੀ ਅਪੀਲ ਸਰਬ ਸੰਮਤੀ ਨਾਲ ਸਵੀਕਾਰ ਕਰ ਲਈ। ਉਨ੍ਹਾਂ ਨੇ ਟੈਕਸਸ 249 ਅਤੇ ਯੂ ਐਸ 290 ਵਿਚਾਲੇ ਰੋਡਵੇਅ ਦੇ ਇੱਕ ਹਿੱਸੇ ਦਾ ਨਾਂ ਸੰਦੀਪ ਸਿੰਘ ਧਾਲੀਵਾਲ ਦੇ ਨਾਮ ਰੱਖਣ ਦੀ ਅਪੀਲ ਕੀਤੀ ਸੀ। ਇਸ ਨੂੰ ਟੈਕਸਸ ਟਰਾਂਸਪੋਰਟ ਵਿਭਾਗ ਤੋਂ ਮਨਜ਼ੂਰੀ ਮਿਲਣੀ ਅਜੇ ਬਾਕੀ ਹੈ।

ਅਮਰੀਕਾ ਚੈਂਬਰ ਆਫ਼-ਕਾਮਰਸ ਗਰੇਟਰ ਹਿਊਸਟਨ ਦੇ ਮੋਢੀ ਸਕੱਤਰ ਜਗਦੀਪ ਆਹਲੂਵਾਲੀਆ ਅਤੇ ਇਸੇ ਦੇ ਪ੍ਰਧਾਨ ਸਵਪਨ ਧੈਰਿਆਵਾਨ ਨੇ ਕਿਹਾ ਕਿ ਭਾਰਤੀ-ਅਮਰੀਕੀ ਨਾਇਕ ਨੂੰ ਇਹ ਸਨਮਾਨ ਦੇਣਾ ਯੋਗ ਹੋਵੇਗਾ। ਟਰੈਫਿਕ ਵਿਭਾਗ 'ਚ ਤਾਇਨਾਤ 42 ਸਾਲਾ ਸੰਦੀਪ ਧਾਲੀਵਾਲ ਹੈਰਿਸ ਕਾਊਂਟੀ ਵਿੱਚ ਸ਼ੈਰਿਫ ਦੇ ਸਹਾਇਕ ਦੇ ਰੂਪ 'ਚ ਤਾਇਨਾਤ ਸੀ। ਉਹ ਪਹਿਲਾ ਅਜਿਹਾ ਸਿੱਖ ਅਧਿਕਾਰੀ ਸੀ ਜਿਸ ਨੂੰ ਡਿਊਟੀ ਦੌਰਾਨ ਆਪਣੇ ਧਾਰਮਿਕ ਚਿੰਨ੍ਹਾਂ ਦਾ ਇਸਤੇਮਾਲ ਕਰਨ ਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਸੀ।

# ਕਾਰੋਬਾਰੀ ਅਮਰੀਕ ਸਿੰਘ ਗਿੱਲ ਨੂੰ ਡਰਬੀ ਕੌਂਸਲ ਵੱਲੋਂ 51 ਲੱਖ ਤੋਂ ਵੱਧ ਜੁਰਮਾਨਾ

ਲੰਡਨ, 19 ਦਸੰਬਰ (ਪੋਸਟ ਬਿਊਰੋ)- ਡਰਬੀ ਕੌਂਸਲ ਨੇ ਕਾਰੋਬਾਰੀ ਅਮਰੀਕ ਸਿੰਘ ਗਿੱਲ ਨੂੰ 55351 ਪੌਂਡ ਤੋਂ ਵੱਧ ਜੁਰਮਾਨਾ ਕੀਤਾ ਹੈ। ਸਾਊਥੈਂਪਟਨ ਦੇ ਕਾਰੋਬਾਰੀ ਅਮਰੀਕ ਸਿੰਘ, ਜਿਸ ਨੇ 100 ਤੋਂ ਵੱਧ ਘਰ ਕਿਰਾਏ 'ਤੇ ਦੇ ਰੱਖੇ ਹਨ, ਨੂੰ ਕੌਂਸਲ ਵੱਲੋਂ ਹਾਟਿੰਗਟਨ ਸਟਰੀਟ ਡਰਬੀ ਵਿਚਲੇ ਫਲੈਟਾਂ 'ਚ ਲੋੜੀਂਦੇ ਸੁਧਾਰ ਲਈ ਛੇ ਨੋਟਿਸ ਦਿੱਤੇ ਗਏ ਸਨ ਅਤੇ ਚਾਰ ਨੋਟਿਸ ਸੰਘਣੇ ਘਾਹ ਕਾਰਨ ਦਿੱਤੇ ਗਏ ਸਨ।

ਅਪ੍ਰੈਲ 2018 ਵਿੱਚ ਜਾਰੀ ਹੋਏ ਇਨ੍ਹਾਂ ਨੋਟਿਸਾਂ ਵਿੱਚ ਗਿੱਲ ਨੂੰ ਹੀਟਿੰਗ ਸਿਸਟਮ ਦਾ ਸੁਧਾਰ ਕਰਨ, ਖਿੜਕੀਆਂ ਬਦਲਣ, ਅੱਗ ਅਤੇ ਬਿਜਲੀ ਸੁਰੱਖਿਆ ਬਾਰੇ ਦੋ ਮਹੀਨਿਆਂ ਵਿੱਚ ਸੁਧਾਰ ਲਈ ਕਿਹਾ ਗਿਆ ਸੀ ਪਰ ਅਗਸਤ 2018 ਤੱਕ ਇਹ ਕੰਮ ਨਾ ਹੋਣ ਦੀ ਸੂਰਤ ਵਿੱਚ ਦੋ ਮਹੀਨੇ ਦਾ ਹੋਰ ਸਮਾਂ ਦਿੱਤਾ ਗਿਆ ਸੀ। ਘਰ ਨੂੰ ਫਲੈਟਾਂ ਵਿੱਚ ਬਦਲੀ ਇਸ ਰਿਹਾਇਸ਼ ਵਿੱਚ ਲੋਕਾਂ ਦੀ ਮਿਥੀ ਗਿਣਤੀ ਤੋਂ ਵੱਧ ਹੋਣਾ ਵੀ ਕੌਂਸਲ ਨਿਯਮਾਂ ਦੀ ਉਲੰਘਣਾਂ ਸੀ, ਜਿਸ ਬਾਰੇ ਜੁਰਮਾਨਾ ਕੀਤਾ ਗਿਆ। ਹਾਊਸਿੰਗ ਸਟੈਂਡਰਡ ਟੀਮ ਵੱਲੋਂ ਜੈਮੀਲਾ ਬੀਬੀ ਨੂੰ ਵੀ ਚਰਚ ਸਟਰੀਟ ਨੌਰਮੈਨਟਨ ਦਾ ਇੱਕ ਰਿਹਾਇਸ਼ 'ਚ ਲੋੜੀਂਦੀਆਂ ਸੋਧਾਂ ਨਾ ਕਰਨ 'ਤੇ 3532 ਪੌਂਡ ਜੁਰਮਾਨਾ ਕੀਤਾ ਗਿਆ।

# ਵਿਆਹ ਸਮਾਗਮ ਵਿਚ ਅਣ-ਸੱਦੇ ਪਹੁੰਚੇ ਅਣਪਛਾਤਿਆਂ ਨੇ ਲਾੜੇ ਦੀ ਜਾਨ ਲਈ

ਵਾਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਕੈਲੇਫੋਰਨੀਆ ਵਿਚ ਅਪਰਾਧ ਦੀ ਇਕ ਘਟਨਾ ਸੁਰਖੀਆਂ ਵਿਚ ਹੈ। ਏਥੇ ਇੱਕ ਵਿਆਹ ਦੌਰਾਨ ਦੋ ਅਣਜਾਣੇ ਬੰਦਿਆਂ ਨੂੰ ਵਿਆਹ ਸਮਾਗਮ ਵਿਚ ਹੰਗਾਮੇ ਕਾਰਨ ਭਜਾਉਣਾ ਲਾੜੇ ਨੂੰ ਮਹਿੰਗਾ ਪੈ ਗਿਆ ਅਤੇ ਉਸ ਦੀ ਜਾਨ ਜਾਂਦੀ ਰਹੀ। ਵਾਸ਼ਿੰਗਟਨ ਪੋਸਟ ਦੇ ਮੁਤਾਬਕ ਦੋਵੇਂ ਅਜਨਬੀ ਇਸ ਪਾਰਟੀ ਤੋਂ ਭਜਾਏ ਜਾਣ ਤੋਂ ਕੁਝ ਦੇਰ ਬਾਅਦ ਸਮਾਗਮ ਵਿਚ ਬੈਟ ਲੈ ਕੇ ਆਏ ਅਤੇ ਲਾੜੇ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸ ਦੀ ਮੌਤ ਹੋ ਗਈ। ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਅਸਲ ਵਿਚ ਸ਼ਨੀਵਾਰ ਰਾਤ 30 ਸਾਲਾ ਜੋ ਮੇਲਗੋਜਾ ਦਾ ਵਿਆਹ ਸੀ। ਵਿਆਹ ਦੀ ਪਾਰਟੀ ਦੌਰਾਨ ਅਚਾਨਕ ਦੋ ਅਣਪਛਾਤੇ ਬੰਦਿਆਂ ਨੇ ਪਾਰਟੀ ਵਿਚ ਹੰਗਾਮਾ ਕਰ ਦਿੱਤਾ ਤਾਂ ਦੋਵਾਂ ਨੂੰ ਪਾਰਟੀ ਤੋਂ ਭਜਾ ਦਿੱਤਾ ਗਿਆ। ਇਸ ਅਖਬਾਰ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਘਟਨਾ ਤੋਂ ਬਾਅਦ ਦੋਵੇਂ ਐਤਵਾਰ ਸਵੇਰੇ ਮੁੜੇ ਅਤੇ ਲਾੜੇ ਜੋ ਮੇਲਗੋਜਾ ਨਾਲ ਝਗੜਾ ਕਰਦਿਆਂ ਨੇ ਲਾੜੇ ਉੱਤੇ ਬੇਸਬਾਲ ਬੈਟ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ। ਕੈਲੀਫੋਰਨੀਆ ਪੁਲਸ ਮੁਤਾ-ਬਕ ਦੋਸ਼ੀਆਂ ਦੇ ਨਾਂ ਰਾਨੀ ਕਾਸਟਨੇਡਾ ਰੈਮੀਰੇਜ ਅਤੇ ਜੋਸੁਆ ਡੈਨੀਅਲ ਕਾਸਟਨੇਡਾ ਰੇਮੀਰੇਜ ਹਨ। ਦੋਵਾਂ ਨੂੰ ਕਤਲ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਕੇਸ ਦੀ ਸੁਣਵਾਈ 30 ਦਸੰਬਰ ਨੂੰ ਤੈਅ ਕੀਤੀ ਗਈ ਹੈ। ਮ੍ਰਿਤਕ ਦੇ ਭਰਾ ਐਂਡੀ ਵੇਲਾਸਕੇਜ ਨੇ ਦੱਸਿਆ ਕਿ ਦੋਸ਼ੀਆਂ ਨੇ ਮੌਕੇ ਉੱਤੇ ਹੋਰਾਂ ਲੋਕਾਂ ਉੱਤੇ ਵੀ ਹਮਲਾ ਕੀਤਾ। ਦੋਵਾਂ ਦੋਸ਼ੀਆਂ ਨੂੰ ਇਕ ਕੇਸ ਵਿਚ ਮੰਗਲਵਾਰ 10 ਲੱਖ ਡਾਲਰ ਤੋਂ ਵਧੇਰੇ ਦੀ ਰਾਸ਼ੀ ਉੱਤੇ ਜ਼ਮਾਨਤ ਮਿਲੀ ਸੀ। ਮੇਲਗੋਜਾ ਦੇ ਭਰਾ ਨੇ ਦੱਸਿਆ ਕਿ ਦੋਸ਼ੀ ਵਿਆਹ ਵਿਚ ਸੱਦੇ ਨਹੀਂ ਗਏ ਸਨ।

# ਮਾਰਕ ਜ਼ੁਕਰਬਰਗ ਨੂੰ ਜੈਕ ਡਾਰਸੀ ਨੇ ਅਨਫਾਲੋ ਕੀਤਾ

ਸਾਨ ਫਰਾਂਸਿਸਕੋ, 19 ਦਸੰਬਰ (ਪੋਸਟ ਬਿਊਰੋ)- ਟਵਿੱਟਰ ਦੇ ਸੀ ਈ ਓ ਜੈਕ ਡਾਰਸੀ ਨੇ ਫੇਸਬੁਕ ਦੇ ਸੀ ਈ ਓ ਮਾਰਕ ਜ਼ੁਕਰਬਰਗ ਨੂੰ ਕੁਝ ਅਜਿਹਾ ਅਨਫਲੋ ਕੀਤਾ ਕਿ ਦੁਨੀਆ ਭਰ ਦਾ ਇਸ 'ਤੇ ਧਿਆਨ ਹੋ ਜਾਏ।

ਵਰਨਣ ਯੋਗ ਹੈ ਕਿ ਡਾਰਸੀ ਅਤੇ ਜ਼ੁਕਰਬਰਗ ਦੀ ਰਾਏ ਆਮ ਤੌਰ 'ਤੇ ਇੱਕੋ ਮੁੱਦੇ 'ਤੇ ਬਿਲਕੁਲ ਵੱਖ ਹੁੰਦੀ ਹੈ। ਇਹ ਦੋਵੇਂ ਦਿੱਗਜ ਕੰਪਨੀਆਂ ਦੇ ਸੀ ਈ ਓਜ਼ ਇੱਕ ਵਾਰ ਫਿਰ ਇਕੱਠੇ ਚਰਚਾ ਵਿੱਚ ਆਏ ਹਨ। ਦਰਅਸਲ ਜੈਕ ਡਾਰਸੀ ਨੇ ਜ਼ੁਕਰਬਰਗ ਨੂੰ ਟਵਿੱਟਰ 'ਤੇ ਅਨਫਾਲੋ ਕਰ ਦਿੱਤਾ ਹੈ। ਜ਼ੁਕਰਬਰਗ ਨੂੰ ਅਨਫਾਲੋ ਕਰਨ ਤੋਂ ਪਹਿਲਾਂ ਡਾਰਸੀ ਨੇ ਟੈਕ ਕੰਪਨੀਆਂ ਦੇ ਸੀ ਈ ਓਜ਼ ਦੀ ਫਾਲੋ ਅਤੇ ਅਨਫਾਲੋ ਦੀ ਐਕਟੀਵਿਟੀ 'ਤੇ ਨਜ਼ਰ ਰੱਖਣ ਵਾਲੇ ਇੱਕ ਟਵਿੱਟਰ ਅਕਾਊਂਟ ਨੂੰ ਫਾਲੋ ਕੀਤਾ। ਇਸ ਤੋਂ ਮੰਨਿਆ ਜਾ ਰਿਹਾ ਹੈ ਕਿ ਡਾਰਸੀ ਚਾਹੁੰਦੇ ਸਨ ਕਿ ਟਵਿੱਟਰ 'ਤੇ ਜ਼ੁਕਰਬਰਗ ਨੂੰ ਅਨਫਾਲੋ ਕਰਨ ਦੀ ਉਨ੍ਹਾਂ ਦੀ ਐਕਟੀਵਿਟੀ 'ਤੇ ਦੁਨੀਆ ਦੀ ਨਜ਼ਰ ਪਏ।

# ਇਸਲਾਮੋਫੋਬੀਆ ਉਤੇ ਪਾਰਟੀ ਨੂੰ ਸਵਰਨ ਸਿੰਘ ਸੁਝਾਅ ਦੇਣਗੇ

ਲੰਡਨ, 19 ਦਸੰਬਰ (ਪੋਸਟ ਬਿਊਰੋ)- ਬਰਤਾਨੀਆ ਵਿੱਚ ਹਾਕਮ ਕੰਜ਼ਰਵੇਟਿਵ ਪਾਰਟੀ ਨੇ ਭਾਰਤੀ ਮੂਲ ਦੇ ਪ੍ਰੋਫੈਸਰ ਸਵਰਨ ਸਿੰਘ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਨੂੰ ਇਸਲਾਮੋਫੋਬੀਆ ਸਮੇਤ ਸਮਾਜਕ ਤੇ ਧਾਰਮਿਕ ਮਸਲਿਆਂ 'ਤੇ ਸੁਝਾਅ ਦੇਣ ਲਈ ਗਠਿਤ ਸੁਤੰਤਰ ਸਮੀਖਿਆ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਇਹ ਕਮੇਟੀ ਭੇਦਭਾਵ ਤੇ ਪੱਖਪਾਤ ਨਾਲ ਜੁੜੀਆਂ ਸ਼ਿਕਾਇਤਾਂ ਦੇ ਬਿਹਤਰ ਨਿਪਟਾਰੇ ਲਈ ਗਠਿਤ ਕੀਤੀ ਗਈ ਹੈ। ਕੰਜ਼ਰਵੇਟਿਵ ਪਾਰਟੀ ਦੇ ਪ੍ਰੋਫੈਸਰ ਸਵਰਨ ਸਿੰਘ ਦੀ ਨਿਯੁਕਤੀ ਦਾ ਕਦਮ ਉਨ੍ਹਾਂ ਖਬਰਾਂ ਵਿੱਚ ਉਠਾਇਆ ਗਿਆ ਹੈ, ਜਿਨ੍ਹਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਇਸ ਪਾਰਟੀ ਦੀ ਸਰਕਾਰ 'ਚ ਮੁਸਲਿਮ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਮੁਸਲਿਮ ਕੌਂਸਲ ਆਫ ਬ੍ਰਿਟੇਨ (ਐੱਮ ਸੀ ਬੀ) ਨੇ ਨਵੇਂ ਚੁਣੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਅਪੀਲ ਕੀਤੀ ਹੈ ਕਿ ਬ੍ਰਿਟਿਸ਼ ਮੁਸਲਮਾਨਾਂ ਨੂੰ ਭਰੋਸਾ ਦਿਓ। ਵਾਰਿਕ ਯੂਨੀਵਰਸਿਟੀ 'ਚ ਸਮਾਜਕ ਅਤੇ ਕਮਿਊਨਿਟੀ ਮਨੋ-ਰੋਗਾਂ ਦੇ ਪ੍ਰੋਫੈਸਰ ਸਵਰਨ ਸਿੰਘ ਇਸ ਗੱਲ ਦੀ ਜਾਂਚ ਕਰਨਗੇ ਕਿ ਕੰਜ਼ਰਵੇਟਿਵ ਪਾਰਟੀ ਏਦਾਂ ਦੇ ਮਾਮਲਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਕਿਵੇਂ ਬਿਹਤਰ ਕਰ ਸਕਦੀ ਹੈ?

FIRST CHOICE FINANCIAL LIMITED

TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424

# ਯੂ ਐੱਨ ਕੌਂਸਲ ਵਿੱਚ ਕਸ਼ਮੀਰ ਉੱਤੇ ਚਰਚਾ ਦੀ ਅਪੀਲ ਚੀਨ ਨੇ ਵਾਪਸ ਲਈ



ਯੂ ਐੱਨ ਓ, 19 ਦਸੰਬਰ (ਪੋਸਟ ਬਿਊਰੋ)- ਯੂ ਐੱਨ ਸਕਿਓਰਟੀ ਕੌਂਸਲ (ਯੂ ਐੱਨ ਐੱਸ ਸੀ) ਵਿੱਚ ਜੰਮੂ ਕਸ਼ਮੀਰ ਦੀ ਸਥਿਤੀ ਉੱਤੇ ਚਰਚਾ ਬਾਰੇ ਬੇਨਤੀ ਚੀਨ ਵੱਲੋਂ ਵਾਪਸ ਲੈਣ ਦੀਆਂ ਖਬਰਾਂ ਵਿਚਾਲੇ ਪਾਕਿਸਤਾਨ ਨੇ ਝੂਠਾ ਦਾਅਵਾ ਕੀਤਾ ਹੈ ਕਿ ਇਸ ਮੁੱਦੇ 'ਤੇ ਸੁਰੱਖਿਆ ਕੌਂਸਲ ਵਿੱਚ ਚਰਚਾ ਹੋਈ ਹੈ।

ਇਮਰਾਨ ਸਰਕਾਰ ਨੇ ਕੱਲ੍ਹ ਝੂਠਾ ਦਾਅਵਾ ਕੀਤਾ ਕਿ ਯੂ ਐੱਨ ਸਕਿਓਰਟੀ ਕੌਂਸਲ ਨੇ ਜੰਮੂ ਕਸ਼ਮੀਰ ਦੇ ਮੁੱਦੇ 'ਤੇ ਨਿੱਜੀ ਪੱਧਰ 'ਤੇ ਗੱਲਬਾਤ ਕੀਤੀ ਹੈ। ਪਾਕਿਸਤਾਨ ਦੇ ਸਰਕਾਰੀ ਰੇਡੀਓ ਨੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ। ਭਾਰਤੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਪਾਕਿਸਤਾਨ ਦਾ ਦਾਅਵਾ ਇਕਦਮ ਝੂਠਾ ਹੈ। ਯੂ ਐੱਨ ਸਕਿਓਰਟੀ ਕੌਂਸਲ ਵਿੱਚ ਕਸ਼ਮੀਰ ਬਾਰੇ ਨਿੱਜੀ ਚਰਚਾ ਹੋਈ ਹੀ ਨਹੀਂ, ਕਿਉਂਕਿ ਚੀਨ ਦੇ ਮਤੇ ਵਿਰੁੱਧ ਫਰਾਂਸ ਨੇ ਵੀਟੋ ਕਰ ਦਿੱਤਾ ਸੀ। ਫਰਾਂਸ ਦੇ ਡਿਪਲੋਮੈਟ ਨਾਲ ਜੁੜੇ ਸੂਤਰ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਮੰਗਲਵਾਰ ਨੂੰ ਸੁਰੱਖਿਆ ਕੌਂਸਲ ਦੀ ਬੈਠਕ ਵਿੱਚ ਕਸ਼ਮੀਰ ਮੁੱਦੇ 'ਤੇ ਚਰਚਾ ਨਹੀਂ ਹੋਵੇਗੀ।

ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਜੰਮੂ ਕਸ਼ਮੀਰ ਦੀ ਸਥਿਤੀ ਦਾ ਹਵਾਲਾ ਦਿੰਦੇ ਹੋਏ 12 ਦਸੰਬਰ ਨੂੰ ਕੌਂਸਲ ਨੂੰ ਪੱਤਰ ਲਿਖਿਆ ਸੀ। ਇਸ ਪਿੱਛੋਂ ਇਸਲਾਮੀ ਦੇਸ਼ ਦੇ ਸਦਾ ਬਹਾਰ ਮਿੱਤਰ ਚੀਨ ਨੇ 15 ਮੈਂਬਰਾਂ ਵਾਲੀ ਸੁਰੱਖਿਆ ਕੌਂਸਲ ਵਿੱਚ ਜੰਮੂ ਕਸ਼ਮੀਰ ਦੇ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ ਸੀ। ਮੰਗਲਵਾਰ ਸੁਰੱਖਿਆ ਕੌਂਸਲ ਦੇ ਵਿਚਾਰ ਵਟਾਂਦਰੇ ਵਾਲੇ ਕਮਰੇ ਵਿੱਚ ਗੈਰ ਰਸਮੀ ਬੈਠਕ ਦੌਰਾਨ ਹੋਰ ਮੁੱਦਿਆਂ ਹੇਠ ਇਸ ਵਿਸ਼ੇ 'ਤੇ ਵੀ ਚਰਚਾ ਦੀ ਆਸ ਸੀ। ਇਹੋ ਜਿਹੀ ਬੈਠਕ ਜਨਤਕ ਰੂਪ ਨਾਲ ਨਹੀਂ ਹੁੰਦੀ। ਬੰਦ ਕਮਰੇ ਵਿੱਚ ਖੁਫੀਆ ਗੱਲਬਾਤ ਹੁੰਦੀ ਹੈ। ਬੈਠਕ ਵਿੱਚ ਗੱਲਾਂ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ। ਯੂ ਐੱਨ ਸਕਿਓਰਟੀ ਕੌਂਸਲ ਦੇ ਮੈਂਬਰਾਂ ਦੇ ਸਲਾਹ ਮਸ਼ਵਰੇ ਲਈ ਇੱਕ ਤਰ੍ਹਾਂ ਦੀਆਂ ਗੈਰ ਰਸਮੀ ਬੈਠਕਾਂ ਹੁੰਦੀਆਂ ਹਨ। ਇੱਕ ਯੂਰਪੀ ਡਿਪਲੋਮੈਟ ਨੇ ਸੁਰੱਖਿਆ ਕੌਂਸਲ ਦੀ ਗੈਰ ਰਸਮੀ ਬੈਠਕ ਤੋਂ ਪਹਿਲਾਂ ਕਿਹਾ ਕਿ ਕਸ਼ਮੀਰ 'ਤੇ ਚਰਚਾ ਨਹੀਂ ਹੋਵੇਗੀ, ਕਿਉਂਕਿ ਚੀਨ ਨੇ ਆਪਣੀ ਬੇਨਤੀ ਵਾਪਸ ਲੈ ਲਈ ਹੈ। ਸੁਰੱਖਿਆ ਕੌਂਸਲ ਦੀ ਗੈਰ ਰਸਮੀ ਬੈਠਕ ਤੋਂ ਬਾਅਦ ਯੂ ਐਨ ਵਿੱਚ ਚੀਨ ਦੇ ਰਾਜਦੂਤ ਝਾਂਗ ਨੇ ਉੱਤਰੀ ਕੋਰੀਆ ਵਿੱਚ ਸਥਿਤੀ 'ਤੇ ਸੁਰੱਖਿਆ ਕੌਂਸਲ ਦੀ ਰਾਏ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ। ਇੱਕ ਪੱਤਰਕਾਰ ਨੇ ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਕਸ਼ਮੀਰ 'ਤੇ ਚਰਚਾ ਕਿਉਂ ਨਹੀਂ ਹੋ ਰਹੀ, ਇਸ 'ਤੇ ਚੀਨੀ ਰਾਜਦੂਤ ਨੇ ਕਿਹਾ, ਮੈਨੂੰ ਨਹੀਂ ਲੱਗਦਾ ਕਿ ਮੈਂ ਇਸ ਬਾਰੇ ਕੁਝ ਹੋਰ ਕਹਿਣ ਦੀ ਸਥਿਤੀ ਵਿੱਚ ਹਾਂ। ਅਸੀਂ ਸਾਰੇ ਜਾਣਦੇ ਹਾਂ ਕਿ ਸੁਰੱਖਿਆ ਕੌਂਸਲ ਨੂੰ ਪਾਕਿਸਤਾਨ ਦੇ ਵਿਦੇਸ਼ ਮੰਤਰੀ ਤੋਂ ਇੱਕ ਪੱਤਰ ਮਿਲਿਆ ਹੈ ਜਿਸ ਵਿੱਚ ਸੁਰੱਖਿਆ ਕੌਂਸਲ ਵਿੱਚ ਇਸ ਵਿਸ਼ੇ 'ਤੇ ਚਰਚਾ ਦੀ ਬੇਨਤੀ ਕੀਤੀ ਗਈ ਹੈ ਅਤੇ ਉਥੇ ਇਸ 'ਤੇ ਚਰਚਾ ਹੋ ਰਹੀ ਹੈ।

# ਸੈਮਸੰਗ ਦੇ ਚੇਅਰਮੈਨ ਨੂੰ 18 ਮਹੀਨੇ ਦੀ ਜੇਲ੍ਹ ਦੀ ਸਜ਼ਾ



ਸਿਓਲ, 19 ਦਸੰਬਰ (ਪੋਸਟ ਬਿਊਰੋ)- ਦੱਖਣੀ ਕੋਰੀਆ ਦੀ ਇੱਕ ਅਦਾਲਤ ਨੇ ਸਮਾਰਟਫੋਨ ਅਤੇ ਚਿਪ ਬਣਉਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਸੈਮਸੰਗ ਇਲੈਕਟ੍ਰੋਨਿਕਸ ਦੇ ਚੇਅਰਮੈਨ ਲੀ ਸਾਂਗ ਹੂਨ ਨੂੰ 18 ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਲੀ ਨੂੰ ਇਹ ਸਜ਼ਾ ਮਜ਼ਦੂਰ ਯੂਨੀਨ ਦੀਆਂ ਸਰਗਰਮੀਆਂ ਨੂੰ ਨੁਕਸਾਨ ਪੁਚਾਉਣ ਦੇ ਕੇਸ ਵਿੱਚ ਮਿਲੀ ਹੈ। ਸੈਮਸੰਗ ਇਲੈਕਟ੍ਰੋਨਿਕਸ ਸੈਮਸੰਗ ਗਰੁੱਪ ਦੀ ਪ੍ਰਮੁੱਖ ਸਹਾਇਕ ਕੰਪਨੀ ਹੈ। ਸਿਓਲ ਦੀ ਸੈਂਟਰਲ ਡਿਸਟ੍ਰਿਕਟ ਕੋਰਟ ਨੇ ਬੀਤੇ ਮੰਗਲਵਾਰ ਨੂੰ ਸੈਮਸੰਗ ਦੇ ਚੇਅਰਮੈਨ ਲੀ ਅਤੇ ਕਾਰਜਕਾਰੀ ਵਾਈਸ ਪ੍ਰੈਜ਼ੀਡੈਂਟ ਕਾਂਗ ਕਿਊਂਗ ਹੂਨ ਨੂੰ ਮਜ਼ਦੂਰ ਯੂਨੀਅਨ ਕਾਨੂੰਨ ਦੇ ਉਲੰਘਣ ਦਾ ਦੋਸ਼ੀ ਕਰਾਰ ਦਿੱਤਾ ਸੀ ਅਤੇ ਕੋਰਟ ਨੇ ਦੋਵਾਂ ਨੂੰ 18-18 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਲੀ ਅਤੇ ਕਾਂਗ 'ਤੇ ਸੈਮਸੰਗ ਦੀ ਗ੍ਰਾਹਕ ਸੇਵਾ ਇਕਾਈ ਦਲ ਨਾਲ ਜੁੜੀ ਯੂਨੀਅਨ ਨੂੰ ਕਮਜ਼ੋਰ ਕਰਨ ਵਾਲੀਆਂ ਸਰਗਰਮੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਗਿਆ ਸੀ। ਸਜ਼ਾ ਦੇ ਐਲਾਨ ਤੋਂ ਤੁਰੰਤ ਬਾਅਦ ਸੈਮਸੰਗ ਦੇ ਦੋਵਾਂ ਸਿਖਰ ਅਧਿਕਾਰੀਆਂ ਨੂੰ ਹਿਰਾ-ਸਤ ਵਿੱਚ ਲੈ ਲਿਆ ਗਿਆ।

ਸਰਕਾਰੀ ਪੱਖ ਅਨੁਸਾਰ ਦੋਵਾਂ ਨੇ ਆਪਣੇ ਹੇਠਲਿਆਂ ਨੂੰ ਯੂਨੀਅਨ ਵਿੱਚ ਸ਼ਾਮਲ ਮੁਲਾਜ਼ਮਾਂ ਦੀ ਤਨਖਾਹ ਵਿੱਚ ਕਟੌਤੀ ਕਰਨ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਇਕੱਠੀ ਕਰਨ ਲਈ ਕਿਹਾ ਸੀ। ਸੈਮਸੰਗ ਨੇ ਕੱਲ੍ਹ ਇਸ ਵਾਸਤੇ ਮੁਆਫੀ ਮੰਗੀ ਹੈ।

# ਸਿਹਤ ਬੀਮਾ ਯੋਜਨਾ ਨੂੰ ਸਹੀ ਢੰਗ ਨਾਲ ਲਾਗੂ ਨਾ ਕਰਨ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ : ਡਿਪਟੀ ਕਮਿਸ਼ਨਰ

ਫਰੀਦਕੋਟ, 19 ਦਸੰਬਰ (ਗਿਆਨ ਸਿੰਘ ): ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਸਬੰਧੀ ਪ੍ਰਾਪਤ ਸ਼ਿਕਾਇਤਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰੀ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਚੇਅਰਮੈਨ-ਕਮ-ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ, ਆਈ ਏ ਐੱਸ ਦੀ ਪ੍ਰਧਾਨਗੀ ਹੇਠ ਹੋਈ ।ਇਸ ਮੀਟਿੰਗ ਵਿੱਚ ਪਰਮਦੀਪ ਸਿੰਘ ਐਸ.ਡੀ.ਐਮ ਤੋਂ ਇਲਾਵਾ ਸਿਹਤ ਵਿਭਾਗ ,ਖੁਰਾਕ ਤੇ ਸਿਵਲ ਸਪਲਾਈ ,ਪੰਜਾਬ ਮੰਡੀ ਬੋਰਡ , ਕਿਰਤ ਵਿਭਾਗ ,ਕਰ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਿਹਤ ਬੀਮਾ ਸਬੰਧੀ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਕੁਮਾਰ ਸੌਰਵ ਰਾਜ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਨਾਗਰਿਕ ਜੋ ਕਿ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਦੇ ਦਾਇਰੇ ਵਿੱਚ ਆਉਂਦਾ ਹੈ ,ਸਮਾਰਟ ਕਾਰਡ ਬਣਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ, ਤਾਂ ਜੋ ਉਸ ਨੂੰ ਇਸ ਸਬੰਧੀ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦੀ ਸਹੂਲਤ ਮਿਲ ਸਕੇ ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਤੋਂ ਸਿਹਤ ਬੀਮਾ ਯੋਜਨਾ ਸਬੰਧੀ ਪ੍ਰਾਪਤ ਵੱਖ-ਵੱਖ ਸ਼ਿਕਾਇਤਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਗਲੀ ਮੀਟਿੰਗ ਵਿੱਚ ਸਿਹਤ ਬੀਮਾ ਯੋਜਨਾ ਨਾਲ ਸਬੰਧਤ ਇੰਸ਼ੋਰੈਂਸ ਕੰਪਨੀ ਦੇ ਅਧਿਕਾਰ ਅਤੇ ਸ਼ਿਕਾਇਤਕਰਤਾਵਾਂ ਨੂੰ ਹੀ ਮੀਟਿੰਗ ਦੇ ਵਿੱਚ ਬੁਲਾਇਆ ਜਾਵੇ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਜਾ ਸਕੇ ।ਉਨ੍ਹਾਂ ਕਿਹਾ ਕਿ ਇਸ ਸਿਹਤ ਬੀਮਾਂ ਯੋਜਨਾਂ ਨੂੰ ਲਾਗੂ ਕਰਨ ਵਿੱਚ ਕੁਤਾਹੀ ਵਰਤਨ ਵਾਲ਼ਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸਿਹਤ ਬੀਮਾ ਯੋਜਨਾ ਨਾਲ ਸਬੰਧਤ 07 ਸ਼ਿਕਾਇਤਾਂ ਨਿਪਟਾਰੇ ਲਈ ਰੱਖੀਆਂ ਗਈਆਂ । ਜਿਨ੍ਹਾਂ ਵਿੱਚੋਂ ਤਿੰਨ ਦਾ ਮੌਕੇ ਤੇ ਨਿਪਟਾਰਾ ਕੀਤਾ ਗਿਆ ਜਦਕਿ ਚਾਰ ਦਾ ਨਿਪਟਾਰਾ ਅਗਲੀ ਮੀਟਿੰਗ ਵਿੱਚ ਸਬੰਧਤ ਧਿਰਾਂ ਨੂੰ ਬੁਲਾ ਕੇ ਕਰਨ ਲਈ ਕਿਹਾ ਗਿਆ।

ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ ਰੋਹਿਣੀ ਗੋਇਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 96000 ਹਜ਼ਾਰ ਦੇ ਕਰੀਬ ਲੋਕਾਂ ਦੇ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਸਮਾਰਟ ਕਾਰਡ ਬਣ ਚੁੱਕੇ ਹਨ ,ਜਦਕਿ ਜ਼ਿਲ੍ਹੇ ਵਿੱਚ ਕੁੱਲ 4 ਲੱਖ ਦੇ ਕਰੀਬ ਲਾਭਪਾਤਰੀ ਇਸ ਸਕੀਮ ਅਧੀਨ ਕਵਰ ਕੀਤੇ ਜਾਣੇ ਹਨ। ਉਨ੍ਹਾਂ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਅਧੀਨ ਆਉਂਦੇ ਸਮੂਹ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਮਾਰਟ ਕਾਰਡ ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਜਾਂ ਸੇਵਾ ਕੇਂਦਰਾਂ ਜਾਂ ਕਾਮਨ ਸੇਵਾ ਕੇਂਦਰਾਂ ਵਿੱਚ ਪਹੁੰਚ ਕੇ ਬਣਵਾਉਣ ਤਾਂ ਜੋ ਉਨ੍ਹਾਂ ਨੂੰ ਇਸ ਯੋਜਨਾ ਦਾ ਲਾਭ ਮਿਲ ਸਕੇ।

ਇਸ ਮੀਟਿੰਗ ਵਿੱਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਡਾਕਟਰ ਸ਼ਿਲੇਖ ਮਿੱਤਲ, ਜ਼ਿਲ੍ਹਾ ਮੰਡੀ ਅਫਸਰ ਸ: ਮਨਜੀਤ ਸਿੰਘ , ਈਟੀਓ ਸਤੀਸ਼ ਕੁਮਾਰ, ਨਿਹਾਰਕਾ ਸਿੰਗਲਾ , ਕਰਨ ਗੋਇਲ ਸਮੇਤ ਵੱਖ -ਵੱਖ ਵਿਭਾਗਾਂ ਦੇ ਦੇ ਅਧਿਕਾਰੀ ਵੀ ਹਾਜ਼ਰ ਸਨ।

# ਇਕ ਦਿਨਾ ਕ੍ਰਿਕਟ ’ਚ ਮੁਹੰਮਦ ਸ਼ਮੀ ਬਣਿਆ ਇਸ ਸਾਲ ਦਾ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਗੇਂਦਬਾਜ਼




ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ): ਭਾਰਤੀ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੇ ਵੈਸਟਇੰਡੀਜ਼ ਖਿਲਾਫ ਦੂਜੇ ਵਨ ਡੇ ਮੈਚ 'ਚ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ ਇਸ ਸਾਲ ਵਨ-ਡੇ ਕ੍ਰਿਕਟ 'ਚ ਸਭ ਤੋਂ ਜ਼ਿਆਦਾ ਵਿਕਟਾਂ ਲੈਣ ਦੇ ਮਾਮਲੇ 'ਚ ਦੁਨੀਆ ਦਾ ਪਹਿਲਾ ਗੇਂਦਬਾਜ਼ ਬਣ ਗਿਆ ਹੈ। ਵਿਸ਼ਾਖਾਪਟਨਮ 'ਚ ਮੁਹੰਮਦ ਸ਼ਮੀ ਦੀ ਗੇਂਦਬਾਜ਼ੀ ਸ਼ਾਨਦਾਰ ਰਹੀ ਅਤੇ ਉਸ ਨੇ ਵਿੰਡੀਜ਼ ਟੀਮ ਦੇ ਤਿੰਨ ਅਹਿਮ ਬੱਲੇਬਾਜ਼ ਨੂੰ ਆਊਟ ਕਰਕੇ ਭਾਰਤੀ ਟੀਮ ਦੀ ਜਿੱਤ ਦੀ ਨੀਹ ਹੋਰ ਮਜ਼ਬੂਤ ਕਰ ਦਿੱਤੀ।

ਇਸ ਸਾਲ ਵਨ-ਡੇ 'ਚ ਸਭ ਤੋਂ ਜ਼ਿਆਦਾ ਵਿਕਟਾਂ ਲੈਣ ਦੇ ਮਾਮਲੇ 'ਚ ਮੁਹੰਮਦ ਸ਼ਮੀ ਹੁਣ ਪਹਿਲੇ ਸਥਾਨ 'ਤੇ ਆ ਗਿਆ ਹੈ। ਸਾਲ 2019 'ਚ ਸ਼ਮੀ ਨੇ ਹੁਣ ਤੱਕ ਕੁਲ 39 ਵਿਕਟਾਂ ਲਈਆਂ ਹਨ। ਉਥੇ ਹੀ ਇਸ ਮਾਮਲੇ 'ਚ ਟਰੇਂਟ ਬੋਲਟ ਉਸ ਤੋਂ ਠੀਕ ਪਿੱਛੇ ਦੂਜੇ ਨੰਬਰ 'ਤੇ ਹੈ ਜਿਸ ਦੇ ਨਾਂ 'ਤੇ 38 ਵਿਕਟਾਂ ਦਰਜ ਹਨ।

ਸਾਲ 2019 'ਚ ਵਨ-ਡੇ 'ਚ ਸਭ ਤੋਂ ਜ਼ਿਆਦਾ ਵਿਕੇਟ ਲੈਣ ਵਾਲੇ ਗੇਂਦਬਾਜ਼
ਮੁਹੰਮਦ ਸ਼ਮੀ- 40* ਵਿਕਟਾਂ
ਟਰੇਂਟ ਬੋਲਟ - 38 ਵਿਕਟਾਂ
ਲਾਕੀ ਫਰਗਿਊਸਨ- 35 ਵਿਕਟਾਂ
ਮੁਸਤਾਫਿਜ਼ੁਰ ਰਹਿਮਾਨ - 34 ਵਿਕਟਾਂ

# ਡਾ. ਦੱਤਾ ਧਰਤੀ ਦਾ ਪੁੱਤਰ ਅਵਾਰਡ ਨਾਲ ਸਨਮਾਨਿਤ



ਲੁਧਿਆਣਾ, 19 ਦਸੰਬਰ (ਗਿਆਨ ਸਿੰਘ): ਲੁਧਿਆਣਾ ਫਸਟ ਕਲੱਬ ਵੱਲੋਂ ਸਾਦਗੀ ਦੀ ਮਿਸਾਲ ਡਾ. ਰੋਹਿਤ ਦੱਤਾ ਉਪ ਪ੍ਰਧਾਨ ਸਤਲੁਜ ਕਲੱਬ ਨੂੰ ਕਲੱਬ ਵਿੱਚ ਆਯੋਜਿਤ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਧਰਤੀ ਦਾ ਪੁੱਤਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕ੍ਰਿਸ਼ਨ ਕੁਮਾਰ ਬਾਵਾ ਨੇ ਸਮਾਰੋਹ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਅੱਜ ਲੁਧਿਆਣਾ ਫਸਟ ਕਲੱਬ ਡਾ. ਰੋਹਿਤ ਦੱਤਾ ਨੂੰ ਸਨਮਾਨ ਦੇ ਕੇ ਗਰਵ ਮਹਿਸੂਸ ਕਰ ਰਹੀ ਹੈ। ਉਹਨਾਂ ਕਿਹਾ ਕਿ ਡਾ. ਦੱਤਾ ਦੇ ਹਮੇਸ਼ਾ ਚਿਹਰੇ ਤੇ ਖੁਸ਼ੀ, ਹਰ ਇਨਸਾਨ ਨੂੰ ਪਿਆਰ ਸਤਿਕਾਰ ਦੇਣਾ, ਅੱਜ ਦੇ ਨਫਰਤ ਭਰੇ ਲੋਕਾਂ ਦੇ ਲਈ ਇਕ ਸਿੱਖਿਆ ਦੀ ਮਿਸਾਲ ਹੈ । ਬਾਵਾ ਨੇ ਕਿਹਾ ਕਿ ਅਗਲੇ ਮਹੀਨੇ ਗੁਰਿੰਦਰ ਸਿੰਘ ਕੈਰੋਂ ਅਤੇ ਰੋਹਿਤ ਦੱਤਾ ਦੀ ਸਤਲੁਜ ਕਲੱਬ ਅਤੇ ਸਮਾਜ ਪ੍ਰਤੀ ਸੇਵਾਵਾਂ ਅਤੇ ਉਹਨਾਂ ਦੇ ਸਨਮਾਨ ਵਿੱਚ ਇਕ ਵਿਸ਼ੇਸ਼ ਪ੍ਰੋਗਰਾਮ ਰੱਖਿਆ ਜਾਵੇਗਾ ਤਾਂ ਕਿ ਗੁਰਿੰਦਰ ਕੈਰੋਂ ਅਤੇ ਡਾ. ਦੱਤਾ ਦੀ ਨਿਮਰਤਾ ਅਤੇ ਸਾਦਗੀ ਦੇ ਲਈ ਪ੍ਰੇਰਣਾ ਬਣੇ । ਇਸ ਸਮਾਰੋਹ ਵਿੱਚ ਕਰਨਲ ਸੇਵਾ ਮੁਕਤ ਹਰਬੰਤ ਸਿੰਘ ਕਾਹਲੋਂ, ਆਰ.ਐਸ. ਖੋਖਰ, ਐਸ.ਕੇ. ਗੁਪਤਾ, ਮਹਿੰਦਰ ਸਿੰਘ ਇਰੋਜ, ਐਚ.ਐਸ. ਭਿੰਡਰ, ਭੂਸ਼ਣ ਠੁਕਰਾਲ, ਅਸ਼ਵਨੀ ਅਰੋੜਾ, ਜੋਗਾ ਸਿੰਘ ਮਾਨ, ਮੁਕੇਸ਼ ਸੂਦ, ਐਚ.ਐਸ. ਬੇਦੀ, ਵਿਨੋਦ ਤਲਵਾੜ, ਪੰਕਜ ਪ੍ਰਭਾਕਰ, ਕ੍ਰਿਸ਼ਨ ਕਾਂਸਲ, ਟੋਨੀ ਅਤੇ ਮਨਪ੍ਰੀਤ ਚਹਿਲ ਸਮੇਤ ਕਲੱਬ ਦੇ ਅਹੁੱਦੇਦਾਰ ਸ਼ਾਮਿਲ ਹੋਏ ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਰੈਸਲਰ ਲਾਨਾ ਨੇ ਬੌਬੀ ਲੈਸ਼ਲੇ ਨਾਲ ਕੀਤੀ ਮੰਗਣੀ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ): ਮਹਿਲਾ ਰੈਸਲਰ ਲਾਨਾ ਨੇ ਪੁਰਾਣੇ ਪ੍ਰੇਮੀ ਰੂਸਵ ਨੂੰ ਛੱਡ ਕੇ ਬੌਬੀ ਲੈਸ਼ਲੇ ਨਾਲ ਮੰਗਣੀ ਕਰ ਲਈ ਹੈ। ਬੌਬੀ ਨੇ ਡਬਲਯੂ. ਡਬਲਯੂ. ਈ. ਰਾਅ ਵਿਚ ਦਰਸ਼ਕਾਂ ਸਾਹਮਣੇ ਲਾਨਾ ਨੂੰ ਪ੍ਰਪੋਜ਼ ਕੀਤਾ। ਦੱਸਿਆ ਜਾਂਦਾ ਹੈ ਕਿ ਬੌਬੀ ਨੇ ਲਾਨਾ ਨਾਲ ਪਹਿਲਾਂ ਹੀ ਵਾਅਦਾ ਕੀਤਾ ਸੀ ਕਿ ਉਹ ਰੂਸਵ ਨੂੰ ਰਿੰਗ ਵਿਚ ਹਰਾਉਣ ਤੋਂ ਬਾਅਦ ਉਸ ਨਾਲ ਮੰਗਣੀ ਕਰੇਗਾ। ਹਾਲਾਂਕਿ ਬੌਬੀ ਦਾ ਪ੍ਰਪੋਜ਼ ਡਰਾਮੇ ਨਾਲ ਭਰਪੂਰ ਸੀ। ਰਿੰਗ ਵਿਚ ਸਭ ਤੋਂ ਪਹਿਲਾਂ ਲਾਨਾ ਨੇ ਮਾਈਕ ਫੜਿਆ ਅਤੇ ਉਸ ਨੇ ਬੌਬੀ ਨੂੰ ਕਿਹਾ ਕਿ ਮੈਂ ਚਾਹੁੰਦੀ ਹਾਂ ਕਿ ਤੁਸੀਂ ਕਹੋ ਮੇਰੇ ਨਾਲ ਵਿਆਹ ਕਰੋਗੇ? ਇਸ ਵਾਰ ਇਕਬਾਰਗੀ ਤੋਂ ਬੌਬੀ ਨੂੰ ਝਾੜਨ ਦੀ ਐਕਟਿੰਗ ਵਿਚ ਕਿਹਾ ਕਿ ਐਸਾ ਕੋਈ ਨਹੀਂ ਹੈ, ਜੋ ਮੈਨੂੰ ਆਰਡਰ ਦੇਵੇ ਕਿ ਮੈਂ ਇਹ ਕਰਾਂ ਜਾਂ ਨਾ ਕਰਾਂ। ਬੌਬੀ ਦਾ ਇਹ ਰੁਖ ਦੇਖ ਦੇ ਇਕ ਵਾਰ ਤਾਂ ਲਾਨਾ ਵੀ ਸਹਿਮ ਜਾਂਦੀ ਹੈ ਪਰ ਨਾਲ ਹੀ ਬੌਬੀ ਕਹਿੰਦਾ ਹੈ ਕਿ ਮੈਂ ਇਹ ਸ਼ਬਦ ਬਾਕੀ ਸਾਰਿਆਂ ਤੋਂ ਨਹੀਂ ਸੁਣ ਸਕਦਾ ਸਿਰਫ ਤੈਨੂੰ ਛੱਡ ਕੇ। ਇਸ ਤੋਂ ਬਾਅਦ ਬੌਬੀ ਨੇ ਲਾਨਾ ਨੂੰ ਰਿੰਗ ਪਾ ਕੇ ਮੰਗਣੀ ਦਾ ਐਲਾਨ ਕੀਤਾ। ਲਾਨਾ ਵੀ ਇਸ ਮੌਕੇ ਇੰਨੀ ਖੁਸ਼ ਸੀ ਕਿ ਉਹ ਸਟੇਜ 'ਤੇ ਹੀ ਉਛਲ ਕੇ ਆਪਣੀ ਖੁਸ਼ੀ ਜਤਾਉਣ ਲੱਗੀ।

# ਮੈਰੀਕਾਮ ਨੇ ਕਿਹਾ ਵਿਆਹ ਅਤੇ ਬੱਚੇ ਹੋਣ ਤੋਂ ਬਾਅਦ ਵਾਪਸੀ ਆਸਾਨ ਨਹੀਂ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ): 6 ਵਾਰ ਦੀ ਵਿਸ਼ਵ ਚੈਂਪੀਅਨ ਅਤੇ ਓਲੰਪਿਕਾ ਤਮਗਾ ਜੇਤੂ ਮਹਿਲਾ ਮੁੱਕੇਬਾਜ਼ ਐੱਮ. ਸੀ. ਮੈਰੀਕਾਮ ਨੇ ਕਿਹਾ ਕਿ ਵਿਆਹ ਕਰਨ ਅਤੇ ਬੱਚੇ ਪੈਦਾ ਕਰਨ ਤੋਂ ਬਾਅਦ ਵਾਪਸੀ ਕਰਨੀ ਆਸਾਨ ਨਹੀਂ ਹੁੰਦੀ ਹੈ ਪਰ ਉਸ ਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਹੈ ਕਿ ਉਹ ਇਸ ਤੋਂ ਬਾਅਦ ਵੀ ਆਪਣੀ ਜ਼ਿੰਦਗੀ ਵਿਚ ਸਫਲਤਾ ਹਾਸਲ ਕਰਨ ਵਿਚ ਕਾਮਯਾਬ ਰਹੀ। ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ ਇਤਿਹਾਸ ਦੀ ਸਭ ਤੋਂ ਸਫਲ ਮੁੱਕੇਬਾਜ਼ ਮੈਰੀਕਾਮ ਨੇ ਇਕ ਪ੍ਰੋਗਰਾਮ ਵਿਚ ਆਪਣੇ ਕਰੀਅਰ ਦੇ ਸੰਘਰਸ਼ 'ਤੇ ਰੌਸ਼ਨੀ ਪਾਈ ਅਤੇ ਦੱਸਿਆ ਕਿ ਕਿਸ ਤਰ੍ਹਾਂ ਉਹ ਇਸ ਮੁਕਾਮ 'ਤੇ ਪੁੱਜੀ। ਮੈਰੀਕਾਮ ਨੇ ਕਿਹਾ ਕਿ ਉਸ ਨੂੰ ਬਹੁਤ ਸਾਰੇ ਅੜਿੱਕਿਆਂ ਅਤੇ ਨਾ-ਪੱਖੀ ਆਲੋਚਨਾਵਾਂ ਤੋਂ ਉਭਰਨਾ ਪਿਆ। ਖਾਸ ਤੌਰ 'ਤੇ ਉਸ ਨੂੰ ਉਸ ਦੇ ਵਿਆਹ ਤੋਂ ਬਾਅਦ ਸਫਲਤਾ ਮਿਲੀ।

ਮੈਰੀਕਾਮ ਨੇ 2005 ਵਿਚ ਵਿਆਹ ਕੀਤਾ ਅਤੇ 2007 ਵਿਚ ਜੁੜਵਾ ਬੇਟਿਆਂ ਦੀ ਮਾਂ ਬਣ ਗਈ। 2013 ਵਿਚ ਮੈਰੀ ਨੇ ਆਪਣੇ ਤੀਸਰੇ ਬੇਟੇ ਨੂੰ ਜਨਮ ਦਿੱਤਾ ਪਰ ਉਹ ਮੁੱਕੇਬਾਜ਼ੀ ਵਿਚ ਫਿਰ ਉਤਰੀ ਅਤੇ ਆਲੋਚਕਾਂ ਨੂੰ ਗਲਤ ਸਾਬਿਤ ਕੀਤਾ। ਮੈਰੀਕਾਮ ਨੇ 2012 ਵਿਚ ਓਲੰਪਿਕ 51 ਕਿ. ਗ੍ਰਾ. ਵਰਗ ਵਿਚ ਕਾਂਸੀ ਤਮਗਾ ਜਿੱਤਿਆ। 36 ਸਾਲ ਦੀ ਉਮਰ ਵਿਚ ਮੈਰੀਕਾਮ ਅਗਲੇ ਸਾਲ ਟੋਕੀਓ ਵਿਚ ਹੋਣ ਵਾਲੇ ਓਲੰਪਿਕ ਵਿਚ ਇਕ ਵਾਰ ਫਿਰ ਉਤਰ ਕੇ ਦੇਸ਼ ਲਈ ਤਮਗਾ ਜਿੱਤਣ ਲਈ ਤਿਆਰ ਹੈ।

ਉਸ ਨੇ ਕਿਹਾ ਕਿ ਲੋਕ ਚਾਹੁੰਦੇ ਸਨ ਕਿ ਉਹ ਸਿਰਫ ਉਦੋਂ ਜਿੱਤ ਸਕਦੀ ਹੈ, ਜਦੋਂ ਉਹ ਵਿਆਹੇ ਨਹੀਂ ਸਨ ਪਰ ਵਿਆਹ ਕਰਨ ਅਤੇ ਬੱਚੇ ਪੈਦਾ ਹੋਣ ਤੋਂ ਬਾਅਦ ਮੈਨੂੰ ਸੰਘਰਸ਼ ਕਰਨਾ ਪਿਆ। ਤੁਸੀਂ ਜਾਣਦੇ ਸੀ ਕਿ ਮਣੀਪੁਰ ਵਿਚ ਹਾਲਾਤ ਕਾਫੀ ਮੁਸ਼ਕਿਲ ਹਨ।




## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਉਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5’5’’, ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5’-11’’, ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5’4’’, ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5’1’’, ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੰਚ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਚਮਕੌਰ ਦੀ ਗੜ੍ਹੀ ਵਿਚ ਸਤਿਗੁਰਾਂ ਮੋਰਚੇ ਬਣਾਏ



ਕਰਨੈਲ ਸਿੰਘ ਟੋਰਾਂਟੋ
416-746-7642

ਚੌਧਰੀ ਗੜ੍ਹੀ ਦੇਣ ਤੋਂ ਟਾਲ ਵੱਟਦਾ ਸੀ, ਚੌਧਰੀ ਦੇ ਭਾਈ ਗਰੀਬੂ ਨੇਂ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ, ਸਚੇ ਪਾਤਿਸ਼ਾਹ ਅੱਧੀ ਗੜ੍ਹੀ ਮੇਰੀਐ, ਆਪ ਏਥੇ ਠਹਿਰੋ। ੪੦ ਸਿੰਘਾਂ ਅਤੇ ਦੋਵੇਂ ਸਾਹਿਬਜ਼ਾਦਿਆਂ ਸਮੇਤ ਸਤਿਗੁਰੂ ਜੀ ਗੜ੍ਹੀ ਵਿਚ ਠਹਿਰੇ, ਚੌਧਰੀ ਤੋਂ ਰਸਦ ਪਾਣੀ ਲੈਕੇ ਲੰਗਰ ਛੱਕਕੇ, ਰਾਤ ਨੂੰ ਸਤਿਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਕੁਝ ਆਰਾਮ ਕੀਤਾ। ਸਿੰਘਾਂ ਨੇਂ ਚਾਰੀ ਪਾਸੀਂ ਗੜ੍ਹੀ ਦੇ ਸਸ਼ਤ੍ਰਬੱਧ ਹੋਕੇ ਪਹਿਰਾ ਦਿੱਤਾ। ਦਿਨ ਚੜ੍ਹਦੇ ਸਾਰ ਮੁਗਲ ਫੌਜਾਂ ਨੇਂ ਗੜ੍ਹੀ ਤੇ ਧਾਵਾ ਬੋਲ ਦਿੱਤਾ। ਸ਼ੈਦ ਖਾਂ, ਉਸਮਾਨ ਖਾਂ, ਹੈਬਤ ਖਾਂ, ਇਸ਼ਮਾਈਲ ਖਾਂ, ਚਾਰੇ ਮਹਾਂਰਥੀ ਸੂਰਮੇ ਸਨ। ਖਵਾਜ਼ਾ ਖਿਜ਼ਰ ਗੁਲਸ਼ੇਰ ਖਾਂ, ਨਾਹਰ ਖਾਂ, ਇਹ ਤਿੰਨੇ ਭਾਈ ਮਲੇਰੀਏ ਸਨ। ਨਜੀਬ ਖਾਂ, ਜਹਾਨ ਖਾਂ, ਮੀਆਂ ਖਾਂ, ਜਬਰਦਸਤ ਖਾਂ, ਏਹ ਓਨਾਂ ਦੇ ਅਨਾਮੀਂ ਸੂਰਮੇਂ ਅਤੇ ਹੰਕਾਰੇ ਹੋਏ ਸਨ। ਸੂਬਾ ਸਰਹੰਦ ਵਜ਼ੀਦ ਖਾਂ, ਗੁਲਸ਼ੇਰ ਸੁਲਤਾਨ ਖਾਂ, ਤਿੰਨੇ ਸੂਬੇਦਾਰ ਅਤੇ ਹੋਰ ਬਹੁਤ ਸਾਰੇ ਹਾਕਮ ਬੁਲਾਏ ਹੋਇ ਸਨ। ਗੜ੍ਹੀ ਤੇ ਪੌੜੀਆਂ ਲਾਕੇ ਚੜਦੇ ਸਨ। ਅੱਤ ਰਥੀ ਸੂਰਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਰਾਂ ਨੇ ਜੇਹੜਾ ਗੜ੍ਹੀ ਨੇੜੇ ਆਇਆ, ਸਦਾ ਦੀ ਨੀਂਦ ਸੁਆ ਦਿੱਤਾ ਅਤੇ ਸਿੰਘਾਂ ਨੇ ਖੂਬ ਗੋਲੀਆਂ ਦਾ ਮੀਂਹ ਵਰਾ ਦਿੱਤਾ। ਇਕ ਪਾਸੇ ਗੁਰੂ ਸਾਹਿਬ, ੪੦ ਸਿੰਘ ਦੋਵੇਂ ਸਾਹਿਬਜ਼ਾਦੇ, ਦੂਸਰੀ ਤਰਫ ੧੦ ਲੱਖ ਫੌਜਾਂ ਦਾ ਜਮਘਟਾ ਉਤਰਿਆ ਹੈ। ਮਲੇਰੀਆਂ ਚੋਂ ਨਾਹਰ ਖਾਂ ਗੜੀ ਤੇ ਚੜ੍ਹਨ ਲਗਾ, ਯਾ ਅਲੀ, ਯਾ ਅਲੀ ਕਰਕੇ ਗਰਜ਼ਿਆ ਸ਼ੇਰ ਦੀ ਤਰਾਂ, ਗੁਰੂ ਜੀ ਨੇ ਇਕੋ ਤੀਰ ਨਾਲ ਮਾਰ ਮੁਕ-ਾਇਆ। ਦੂਜਾ ਤੀਰ ਉਸਦੇ ਭਰਾ ਗੁਲਸ਼ੇਰ ਖਾਂ ਨੂੰ ਮਾਰਿਆ, ਉਹ ਜ਼ਖਮੀ ਹੋਕੇ ਧਰਤੀ ਤੇ ਡਿੱਗ ਪਿਆ। ਦੋਵਾਂ ਭਰਾਵਾਂ ਦੀ ਉਹ ਹਾਲਤ ਦੇਖ ਕੇ ਖਵਾਜਾ ਖਿਜਰ ਆਪੇ ਤੋਂ ਬਾਹਰ ਹੋ ਗਿਆ, ਜਦੋਂ ਗੜ੍ਹੀ ਦੇ ਨੇੜੇ ਆਇਆ, ਗੁਰੂ ਜੀ ਨੇਂ ਤੀਜਾ ਤੀਰ ਖਵਾਜੇ ਨੂੰ ਮਾਰਿਆ। ਗੁਰੂ ਜੀ ਕਹਿੰਦੇ ਹਨ :- ਇਹ ਪਾਜ਼ੀ ਕੰਧ ਓਹਲੇ ਹੋਕੇ ਜਾਨ ਬਚਾ ਗਿਆ। ਧੰਨ ਹੋ ਦਸਮੇਸ਼ ਪਿਤਾ ਜੀ ਆਪ ਧੰਨ ਹੋ। ਸਤਜੁਗ ਤੋਂ ਲੈ ਕੇ ਅੱਜ ਤੱਕ ਤੁਹਾਡੀ ਬਰਾਬਰੀ ਕਿਸੇ ਸੂਰਮੇ ਨੇ ਨਹੀਂ ਕੀਤੀ।

ਜਦੋਂ ਤਿੰਨ ਪਹਿਰ ਘਮਸ਼ਾਨ ਦੀ ਜੰਗ ਹੋਈ, ਤਾਂ ਗੋਲੀਆਂ ਅਤੇ ਤੀਰਾਂ ਦੀ ਥੁੱੜ੍ਹ ਹੋ ਗਈ, ਸਿੰਘਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਖਾਲੀ ਹੱਥ ਹੋਕੇ ਫੜੇ ਜਾਣ ਨਾਲੋਂ ਤਾਂ, ਵੈਰੀ ਦੇ ਸਾਹ-ਮਣੇ ਮੱਥੇ ਤੇਗਾਂ ਮਾਰਕੇ ਸ਼ਹੀਦੀਆਂ ਪਾਈਏ। ਆਪ ਆਗਿਆ ਦਿਓ ਸੱਚੇ ਪਾਤਿਸ਼ਾਹ, ਸਿੰਘਾਂ ਨੇ ਜੰਗੇ ਮੈਦਾਨ ਵਿੱਚ, ਬੇਅੰਤ ਵੈਰੀਆਂ ਨੂੰ ਮਾਰਕੇ ਸ਼ਹੀਦੀਆਂ ਪਾਈਆਂ। ਗੁਰੂ ਸਾਹਿਬ ਨੇ ਗੜ੍ਹੀ ਤੇ ਉੱਚੀ ਜਗਾ ਤੋਂ ਤੀਰਾਂ ਦਾ ਮੀਂਹ ਵਰਸਾਹ ਦਿੱਤਾ। ਪੁਰਾਤਨ ਇਤਿਹਾਸਕਾਰ ਲਿਖਦੇ ਹਨ :- ਦਸਮੇਸ਼ ਜੀ ਨੇ ਇਕ ਤੀਰ ਛੱਡਣਾਂ ਆਪਣੇ ਧਨਖ ਵਿਚੋਂ, ਇਕ ਤੀਰ ਤੋਂ 7 ਤੀਰ ਹੋ ਜਾਣੇ, ਸਤਾਂ ਤੀਰਾਂ ਤੋਂ ਫੇਰ ਸੌ-ਸੌ ਤੀਰ ਹੋ ਜਾਣੇਂ, ਜਾਣੀ ਕੇ ਸੱਤ ਸੌ ਤੀਰ ਹੋ ਜਾਣੇਂ। 700 ਸੱਤ ਸੌਂ ਤੀਰਾਂ ਨੇ 7-7 ਬੰਦੇ ਮਾਰਨੇ। ਜਾਣੀ ਕੇ ਗੁਰੂ ਜੀ ਦੇ ਧਨੁਖ ਚੋਂ ਨਿਕਲਿਆ ਇਕ ਤੀਰ 4900 ਬੰਦੇ ਮਾਰਦਾ ਸੀ ਗਿਣ ਗਿਣ ਕੇ। ਤਾਂ ਹੀ ਦੁਸ਼ਮਣਾਂ ਦੀਆਂ ਲੋਥਾਂ ਦੇ ਢੇਰ ਲੱਗੇ ਸਨ। ਚਮਕੌਰ ਦੇ ਅੰਦਰ ਲਹੂ ਦੇ ਨਾਲੇ ਵਹਿ ਗਏ ਸਨ। ਏਨਾਂ ਤੀਰਾਂ ਦੀ ਮਾਰ ਕਰਕੇ, ਸਾਰੀ ਦਿਹਾੜੀ ਗੜ੍ਹੀ ਤੇ ਕਬਜ਼ਾ ਨਹੀਂ ਸੀ ਕਰ ਸਕੀਆਂ ਦਸ ਲੱਖ ਫੌਜਾਂ, ਇਹ ਸਚਾਈ ਹੈ।

ਨੋਟ:- ਏਹੀ ਪੰਜ ਤੀਰ ਬੰਦਾ ਬਹਾਦਰ ਨੂੰ ਦਿੱਤੇ ਸੀ, ਕਿਹਾ ਸੀ ਏਨ੍ਹਾਂ ਤੀਰਾਂ ਨੂੰ ਅੱਤ ਭੀੜ ਬਣੀਂ ਤੋਂ ਚਲਾਈਂ, ਘੜੀ ਮੁੜੀ ਨਾਂ ਚਲਾਈਂ। ਤਾਂ ਹੀ ਫਤਹਿ ਪਾਉਂਦਾ ਫਿਰਦਾ ਸੀ ਬੰਦਾ ਸਿੰਘ ਬਹਾਦਰ। ਤੀਰ ਤਾਂ ਹੋਰ ਵੀ ਦਿੱਤੇ ਸਨ, ਇਹ ਪੰਜ ਤੀਰ ਲੱਖਾਂ ਦੀ ਗਿਣਤੀ ਵਿੱਚ ਫੌਜਾਂ ਨੂੰ ਮੌਤ ਦੇ ਘਾਟ ਉਤਾਰਕੇ, ਧਰਤੀ ਤੇ ਲੰਬੇ ਪਾ ਦੇਂਦੇ ਸਨ। ਜਿਵੇਂ ਹਨੇਰੀ ਆਉਣ ਤੇ ਮੱਕੀ ਦੇ ਟਾਂਡੇ, ਧਰਤੀ ਤੇ ਲੰਬੇ ਪੈ ਜਾਂਦੇ ਹਨ। ਸਿਖਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ, ਆਪ ਨੇਂ ਅਜ ਕਰਾਮਾਤ ਵਰਤ ਲਈ। ਕਰਾਮਾਤ ਵਰਤਣੀਂ ਕਹਿਰ ਹੈ, ਸੱਚੇ ਪਾਤਿਸ਼ਾਹ ਨੇ ਕਿਹਾ ਅਸੀਂ ਕਰਾਮਾਤ ਨਹੀਂ ਵਰਤੀ। ਇਹ ਤਾਂ ਸਾਡੀ ਸਸ਼ਤ੍ਰ ਵਿਦਿਆ ਅਤੇ ਅਸ਼ਤ੍ਰ ਵਿਦਿਆ ਹੈ। ਇਹੋ ਜੇਹੇ ਤੀਰ ਮਹਾਂ ਭਾਰਤ ਦੇ ਜੰਗ ਵਿਚ ਦ੍ਰੋਣਾਂਚਾਰੀਆ ਗੁਰੂ ਨੇ ਚਲਾਏ ਸਨ। ਕ੍ਰਿਸ਼ਨ ਭਗਵਾਨ ਨੇ ਵੀ ਇਹ ਤੀਰ ਚਲਾਏ ਸਨ, ਕ੍ਰੋੜਾਂ ਦੀ ਗਿਣਤੀ ਵਿਚ ਫੌਜਾਂ ਨੂੰ ਸ਼ੁਸਰੀ ਦੀ ਤਰਾਂ ਸੁਆ ਦੇਂਦੇ ਸਨ। ਕ੍ਰਿਸ਼ਨ ਜੀ ਧਰਤੀ ਦਾ ਭਾਰ ਉਤਾਨ ਆਏ ਸੀ। ਜਦੋਂ ਤਿੰਨ ਪਹਿਰ ਗੜੀ ਚੋਂ ਤੀਰਾਂ ਨਾਲ ਮੁਕਾਬਲਾ ਹੁੰਦਾ ਰਿਹਾ, ਤਾਂ ਗੋਲੀ ਛਿਕਾ ਮੁੱਕ ਗਿਆ। ਸਿੰਘਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ, ਖਾਲੀ ਹੱਥੀਂ ਫੜੇ ਜਾਣ ਨਾਲੋਂ ਬਾਹਰ ਨਿਕਲ ਕੇ ਵੈਰੀਆਂ ਦੇ ਸਾਹਮਣੇ ਮੱਥੇ ਤਲਵਾਰ ਦੀ ਜੰਗ ਕਰਕੇ ਜੌਹਰ ਦਿਖਾਕੇ ਬੇਅੰਤ ਫੌਜਾਂ ਨੂੰ ਮਾਰਕੇ, ਆਪ ਵੀ ਜੰਗੇ ਮੈਦਾਨ ਵਿੱਚ ਸ਼ਹੀਦੀਆਂ ਪਾਈਏ। ਸਤਿਗੁਰਾਂ ਤੋਂ ਆਗਿਆ ਲੈ ਕੇ, ਪਹਿਲਾ ਜੱਥਾ ਭਾਈ ਹਿੰਮਤ ਸਿੰਘ ਜੀ ਦੀ ਅਗਵਾਈ ਵਿਚ, ਤਲਵਾਰਾਂ ਧੂ ਕੇ ਇਉਂ ਪੈਗਿਆ ਭੱਜਕੇ ਜਿਵੇਂ ਸ਼ੇਰ ਗਰਜਕੇ ਜੰਗਲੀ ਜੀਵਾਂ ਤੇ ਹੱਲਾ ਬੋਲਦਾ ਹੈ। ਸਿੰਘਾਂ ਨੇ ਤਾਂ ਆਪਣੀਂ ਮੌਤ ਹਥੇਲੀ ਤੇ ਰੱਖੀ ਹੋਈ ਸੀ। ਉਹ ਫੌਜੀ ਸਰਕਾਰੀ ਹੁਕਮ ਵਜਾਉਂਦੇ ਸਨ, ਪਿੱਛੇ ਆਪਣੇ ਬਾਲ ਬੱਚਿਆਂ ਲਈ ਸੋਚਦੇ ਸਨ। ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਕੇ, ਜਦੋਂ ਸਰੀਰ ਟੋਟੇ ਟੋਟੇ ਹੋ ਗਏ। ਆਖਰ ਆਪ ਵੀ ਸ਼ਹੀਦੀਆਂ ਪਾ ਗਏ।



(ਸਾਹਿਬਜ਼ਾਦਾ ਅਜੀਤ ਸਿੰਘ ਜਥੇ ਸਮੇਤ ਮੈਦਾਨ ਵਿੱਚ ਆਇਆ)

ਭਾਈ ਮੋਹਕਮ ਸਿੰਘ ਜੀ ਦੇ ਜਥੇ ਵਿਚ ਇਸ ਤਰਾਂ ਗੜ੍ਹੀ ਚੋਂ ਨਿਕਲਕੇ ਅਕਾਲ ਅਕਾਲ ਗਜਾ ਕੇ ਅਜੀਤ ਸਿੰਘ ਜੀ ਨੇ ਵੈਰੀਆਂ ਤੇ ਹੱਲਾ ਬੋਲ ਦਿਤਾ। ਮਾਰੋ ਮਾਰ ਕਰਕੇ ਸੱਥਰ ਲਾ ਦਿੱਤੇ, ਜਿਵੇਂ ਸਾਬਨ ਵਿਚ ਤਾਰ ਨਿਕਲਦੀ ਹੈ, ਇਸ ਤਰਾਂ ਸਾਹਿਬਜ਼ਾਦੇ ਦੀ ਸਮਸ਼ੇਰ ਗਰਦਨਾਂ ਅਤੇ ਸਿਰਾਂ ਨੂੰ ਪਾੜ ਫਿਰਦੀ ਸੀ। ਗੁਰੂ ਸਾਹਿਬ ਅਜੀਤ ਸਿੰਘ ਨੂੰ ਅਤੇ ਸਿੰਘਾਂ ਨੂੰ ਗੜ੍ਹੀ ਤੋਂ ਸ਼ਾਬਾਸ਼-ਸ਼ਾਬਾਸ਼ ਕਹਿੰਦੇ ਸਨ।

ਬੈਂਤ:- ਟੋਟੇ ਹੋ ਕੇ ਵਿਚ ਮੈਦਾਨ ਡਿਗੇ,
ਜਾਂਦੇ ਵਾਰ ਦੀ ਫਤਹਿ ਗਜਾ ਕਰਕੇ।

ਇਸ ਹੱਮਨ ਦੇ ਵਿਚ ਅਜੀਤ ਸਿੰਘ ਜੀ, ਹੂਤੀ ਆਪਣੇ ਜਿਸਮ ਦੀ ਪਾ ਕਰਕੇ।

(ਵੱਡੇ ਵੀਰ ਨੂੰ ਸ਼ਹੀਦ ਹੋਇ ਦੇਖਕੇ, ਛੋਟੇ ਸਾਹਿਬਜ਼ਾਦਾ ਵੀ ਜੰਗ ਵਿਚ ਜਾਂਦੇ ਹਨ)

ਆਲਮ ਸਿੰਘ ਤੇ ਸਾਹਿਬ ਸਿੰਘ ਦੇ, ਜਥੇ ਵਿਚ ਜਾਂਦੇ ਹਨ। ਪਹਿਲਾਂ ਗੁਰੂ ਜੀ ਨੂੰ ਨਮਸ਼ਕਾਰ ਕਰਕੇ ਆਗਿਆ ਪ੍ਰਾਪਤ ਕੀਤੀ, ਇਹ ਆਖਰੀ ਦੀਦਾਰੇ ਹਨ।

ਬੈਂਤ:- ਓਹ ਫੁਲ ਗੁਲਾਬ ਦਾ ਚੰਨ ਚਿਹਰਾ, ਨਾਲ ਵੈਰੀਆਂ ਜੰਗ ਮਚਾਨ ਟੁਰਿਆ।

ਨਿੱਕੀ ਢਾਲ ਤਲਵਾਰ ਲੈ ਹਥ ਸੋਹਣੀ, ਖੰਡੇ ਅੰਮ੍ਰਿਤ ਦੀ ਸ਼ਕਤੀ ਦਿਖਾਨ ਟੁਰਿਆ।

ਜਿਸ ਵੇਲੇ ਗੜ੍ਹੀ ਚੋਂ ਬਾਹਰ ਆਏ ਜੁਝਾਰ ਸਿੰਘ ਜੀ, ਫੌਜਾਂ ਦਾ ਜਮ ਘਟਾ ਦੇਖ ਕੇ, ਘਾਣਾ ਬਚਾ ਸੀ 12 ਸਾਲ ਦਾ, ਪਿੱਛੇ ਮੁੜ ਆਇਆ ਕਹਿੰਦਾ ਪਾਣੀ ਪੀ ਆਵਾਂ। ਸਤਿਗੁਰਾਂ ਗੁੱਸੇ ਵਿਚ ਆਕੇ ਕਿਹਾ ਬੇਟਾ ਪਿਛੇ ਕਿਉਂ ਮੁੜਕੇ ਆਇਆ। ਏਥੇ ਇਸ ਸੰਸਾਰ ਵਿਚ ਤੇਰੇ ਜੋਗਾ ਪਾਣੀਂ ਨਹੀਂ ਹੈ, ਜਾਹ ਵਾਪਸ ਵੱਡੇ ਵੀਰ ਕੋਲ ਪੀ ਜਾਕੇ। ਬੇਟਾ ਛੱਤਰੀ ਸੂਰਮੇ ਦਾ ਪਿੱਛੇ ਮੁੜਨਾ ਧਰਮ ਨਹੀਂ ਹੈ। ਸਿੰਘਾ ਨੇ ਸਾਹਿਬਜ਼ਾਦਾ ਜੀ ਨੂੰ ਵਿਚਘਾਰ ਲੈ ਲਿਆ, ਖੂਬ ਤਲਵਾਰ ਦੇ ਜੌਹਰ ਦਖਾ ਕੇ ਜਿਵੇਂ ਜਵਾਰ ਦੇ ਢੇਰ ਲਈਦੇ ਨੇ ਵੱਡਕੇ ਇਸ ਤਰਾਂ ਸੱਥਰ ਵਿਛਾ ਦਿੱਤੇ ਵੈਰੀਆਂ ਦੇ। ਮਤੀਰਿਆਂ ਦੀ ਤਰਾਂ ਵੈਰੀਆਂ ਦੇ, ਸਿਰ ਵੱਡ ਕੇ ਖਲਾਰ ਦਿੱਤੇ ਮੈਦਾਨ ਵਿਚ, ਸਾਹਿਬਜ਼ਾਦਾ ਜੀ ਨੂੰ ਜੰਗ ਵਿੱਚ ਛੋਟੀ ਤਲਵਾਰ ਚਲਾਂਦਾ ਦੇਖਕੇ ਅਤੇ ਸ਼ਹੀਦੀ ਪ੍ਰਾਪਤ ਕਰਦਾ ਦੇਖਕੇ, ਵੈਰੀਆਂ ਦੇ ਮਹਾਂਵਲੀ ਬਹਾਦਰ ਤ੍ਰਾਹ-ਤ੍ਰਾਹ ਕਰ ਉਠੇ। ਕਈਆਂ ਨੇ ਨੇਤ੍ਰਾਂ ਚੋਂ ਪਾਣੀ ਵਹਿ ਤੁਰਿਆ, ਸਰੀਰ ਕੰਬਣ ਲੱਗੇ।

ਬੈਂਤ:- ਔਖੇ ਝਲਣੇ ਸ਼ੱਲ ਨੇ ਪੁਤ੍ਰਾਂ ਦੇ,
ਔਖਾ ਕੰਮ ਹੈ ਵਿਚ ਜਹਾਨ ਭਾਈ।

ਵੇਖੋ ਮਰੇ ਵਸਿਸ਼ਟ ਦੇ ਪੜ੍ਹ ਜਦੋਂ, ਹੋਯਾ
ਦੁਖੀ ਓਹ ਮੋਹ ਵਿਚ ਆਨ ਭਾਈ।

ਪਰ ਧੰਨ ਇਕ ਗੁਰੂ ਗੋਬਿੰਦ ਸਿੰਘ ਜੀ,
ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ।

ਅਖੀਂ ਅੱਥਰੂ ਇਕ ਨ ਕੇਰਿਆ ਸੀ,
ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ।

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ
ਹਰਿ ਚਿਤ ਮੈ ਜੁੱਧੁ ਬਿਚਾਰੈ॥

ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ
ਚੜੈ ਭਵ ਸਾਗਰ ਤਾਰੈ॥

ਧੀਰਜ ਧਾਮ ਬਾਇ ਇਹੈ ਤਨ, ਬੁਧਿ ਸੁ
ਦੀਪਕ ਜਿਉ ਉਜੀਆਰੈ॥

ਗਿਆਨਹਿ ਕੀ ਬਢਨੀ ਮਨਹੁ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ॥

(ਕ੍ਰਿਸ਼ਨਾਵਤਾਰ)

ਸਾਰੀ ਦਿਹਾੜੀ ਲੰਘ ਗਈ, ਗੜ੍ਹੀ ਤੇ ਕਬਜ਼ਾ ਨਹੀਂ ਕਰ ਸਕੀਆਂ ਮੁਗਲ ਫੌਜਾਂ। ਦਯਾ ਸਿੰਘ ਜੀ ਸੰਗਤ ਸਿੰਘ ਜੀ ਆਦਿਕ ਸਿੱਖਾਂ ਨੇ ਬੇਨਤੀ ਕੀਤੀ, ਸੱਚੇ ਪਾਤਿਸ਼ਾਹ ਅੱਜ ਦੀ ਦਿਹਾੜੀ ਤਾਂ ਲੰਘ ਗਈ, ਸਿੰਘ ਬਹੁਤ ਸ਼ਹੀਦੀਆਂ ਪਾ ਗਏ ਨੇ। ਗੋਲੀ ਸਿੱਕਾ ਵੀ ਖਤਮ ਹੋ ਗਿਆ ਹੈ, ਸਿੰਘ ਵੀ 5-7 ਰਹਿ ਗਏ ਹਾਂ। ਮਹਾਰਾਜ ਜੀ ਅਸੀਂ ਤਾਂ ਐਥੇ ਸ਼ਹੀਦੀਆਂ ਪਾਵਾਂਗੇ, ਅਸੀਂ ਮਰਨ ਤੋਂ ਨਹੀਂ ਡਰਦੇ। ਪਰ ਆਪ ਰਾਤ ਦੇ ਟੈਮ ਇਥੋਂ ਟੈਮ ਬਚਾਕੇ ਨਿਕਲ ਜਾਓ, ਆਪ ਅੱਗੇ ਜਾ ਕੇ, ਹੋਰ ਫੌਜਾਂ ਸਜਾ ਲਓਗੇ, ਸਤਿਗੁਰਾਂ ਸਿੰਘਾਂ ਦਾ ਗੁਰਮਤਾ ਮੰਨਕੇ, ਪੰਜਾਂ ਸਿੰਘਾਂ ਦੀ ਪੰਚੈਤ ਬਣਾ ਦਿੱਤੀ। ਭਾਈ ਸੰਗਤ ਜੀ ਨੂੰ ਆਪਣੀ ਕਲਗੀ, ਜਿਗਾ ਪਹਿਨਾ ਦਿਤੀ। ਗੁਰੂ ਖਾਲਸਾ ਖਾਲਸਾ ਗੁਰੂ ਕਹਿਕੇ ਖਾਲਸੇ ਨੂੰ ਗੁਰਤਾਗੱਦੀ ਬਖਸ਼ ਦਿੱਤੀ। ਅੱਗੇ ਤੋਂ ਜੋ ਵੀ ਗੁਰਮਤਾ ਜਾਂ ਹੁਕਮ ਨਾਮਾਂ ਕਰਨਾ ਹੈ, ਪੰਜ ਪਿਆਰੇ ਰਹਿਤਵਾਨ ਸਿੰਘਾਂ ਦੁਆਰਾ ਕਰੋ। ਸਤਿਗੁਰੂ ਦਸਮੇਸ਼ ਜੀ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਨੂੰ ਨਾਲ ਲੈ ਕੇ ਸੁਤੀਆਂ ਪਈਆਂ ਫੌਜਾਂ ਦੇ ਵਿਚ ਦੀ ਨਿਕਲ ਗਏ, ਰਾਤੋ ਰਾਤ ਨੰਗੇ ਪੈਰੀਂ ਮਾਛੀਵਾੜੇ ਪਹੁੰਚ ਜਾਂਦੇ ਹਨ। ਹੇ ਦੀਨ ਦੁਨੀਆਂ ਦੇ ਵਾਲੀ। ਧੰਨ ਹੋ ਸੱਚੇ ਪਾਤਿਸ਼ਾਹ ਜੀ ਆਪ ਧੰਨ ਹੋ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨੇ ਪਿੰਡ ਤੋਂ ਜ਼ਫਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ)

ਜ਼ਫਰਨਾਮੇਂ ਦੀ ੪੯ ਵੀ ਬੈਂਤ ਵਿਚ ਲਿਖਿਆ ਹੈ:- ਹੇ ਔਰੰਗਜ਼ੇਬ ਤੂੰ ਕੁਰਾਨ ਦੀ ਸੌਂਹ ਖਾਕੇ ਮੁਕਰਿਆ ਹੈਂ, ਨਾ ਤੂੰ ਈਮਾਨ ਨੂੰ ਮੰਨਣ ਵਾਲਾ ਹੈਂ। ਨਾ ਹੀ ਤੂੰ ਮੁਹਮਦ ਤੇ ਭਰੋਸਾ ਰੱਖਣ ਵਾਲਾ ਹੈਂ, ਤੇਰੇ ਜੈਸੇ ਪੁਰਸ਼ ਤੇ ਮੈਨੂੰ ਕੋਈ ਭਰੋਸਾ ਨਹੀਂ, ਜੋ ਮੁਸਲਮਾਨ ਹੋਕੇ ਪਵਿੱਤ੍ਰ ਕੁਰਾਨ ਦੀ ਕਸਮ ਖਾਕੇ ਮੁਕਰਿਆ ਹੋਵੇ। ਹੁਣ ਭਾਵੇਂ ਤੂੰ ਕੁਰਾਨ ਦੀ ਸੌ ਕਸਮ ਖਾਵੇਂ, ਮੈਂ ਰਤੀ ਭਰ ਵਿਸ਼ਵਾਸ ਨਹੀਂ ਕਰਾਂਗਾ। ਬੈਂਤ ਨੰ: ੧੯ ਤੇ:- ਜੇ ਕਿਤੇ ਅਸੀਂ ਲੁਕਕੇ ਵੀ ਆਪਣੇ ਪਵਿੱਤ੍ਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾਦੀ ਹੁੰਦੀ ਤਾਂ ਮੈਂ ਆਪ ਤਾਂ ਕੀ ਉਲੰਘਣਾ ਕਰਨੀ ਸੀ, ਆਪਣੇ ਕਿਸੇ ਬੰਦੇ ਨੂੰ ਵੀ ਉਲੰਘਣਾਂ ਨਾ ਕਰਨ ਦਿੰਦਾ।

ਨੋਟ:- ਦਸਮੇਸ਼ ਪਿਤਾ ਜੀ ਹੁਣ ਤਾਂ ਤੇਰੇ ਪਿਆਰੇ ਪੁਤ੍ਰ ਖਾਲਸੇ ਦੇ ਪਹਿਰਾਵੇ ਵਿੱਚ, ਗੁਰੂ ਗ੍ਰੰਥ ਦੇ ਸਾਹਮਣੇ ਖੜ੍ਹਕੇ, ਝੂਠੀਆਂ ਸੋਹਾਂ ਖਾਂਦੇ ਹੈ, ਅਰਦਾਸਾਂ ਕਰਦਾ ਫਰਜ਼ੀ ਲਾਵਾਂ ਪੜ੍ਹਦੇ ਹਨ। ਝੂਠੇ ਵਿਆਹ ਕਰਵਾਕੇ ਭੈਣ-ਭਾਈ, ਪਤੀ ਪਤਨੀ ਕਹਿਕੇ ਵਿਆਹ ਕਰਵਾ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠਕੇ, ਮਖੌਲ ਠੱਠੇ ਕਰਦੇ ਹਨ। ਆਪ ਕਹਿੰਦੇ ਹੋ ਅਸੀਂ ਸੌਂਹ ਖਾਕੇ ਮੁੱਕਰਨ ਦੀ ਆਗਿਆ ਨਹੀਂ ਦਿੰਦੇ, ਆਪਦੇ ਖਾਲਸੇ ਨੂੰ ਆਕੇ ਦੇਖ ਲਓ, ਹੁਣ ਤੁਹਾਡੇ ਸੱਚੇ ਧਰਮ ਨੂੰ ਝੂਠ ਵਿਚ ਬਦਲ ਦਿੱਤਾ। ਹੁਣ ਨਿਹ ਕਲੰਕ ਅਵਤਾਰ ਧਾਰਕੇ ਆਓ, ਪਾਪੀਆਂ ਨੂੰ ਡੰਡ ਦੇਵੋ, ਧਰਮੀਆਂ ਦੀ ਮਦਦ ਕਰੋ ਜੀ। ਇਹ ਕੀਟ ਦੀ ਬੇਨਤੀ ਨੂੰ ਪ੍ਰਵਾਨ ਕਰੋ ਜੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
• 1 yr Home Warranty • We Help to get mortgage
Free valuation & Lowest Commission • Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
Services: • Complete Basement • Tiles • Bathrooms • Plumbing • Laminate • Hardwood Floor • Painting
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE TENS CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।


SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090


ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ
Dastar Camp & Dumala Camp
International Turban Coach
85 Style Turban & Dumala Tying
Gold Medalist Turban & Gurbani kanth
Baldev_Singh_Sarhali
Date 19 to 31 December Time 5:30 to 6:30pm
The Class Will Continue After The Camp On Every Sunday From 2pm -3pm
Sikh Spiritual Centre Toronto
9 Carrier Dr, Etobicoke ON M9V 4B2 Phone (416) 746-6666


ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?
Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE
You're Invited To..
OPEN HOUSE
Saturday/Sunday 2pm to 4pm
"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"
1 Lagos Road
Etobicoke, Ontario
This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.
For More listings Visit
anabelaserra.com


FRANCHISES REQUIRED for Greece, Italy, Austria, Germany, Spain
PERMANENT IMMIGRATION
Canada within 6-12 Months
We have confirmed job offers from Canadian Employers for:
Cooks
Truck Drivers
Auto/Diesel Mechanics
Dairy Farm Workers
Welders
IT Technician
Nurses
Machinist
Carpenters
Brick Layer
Food & Beverage Supervisors
Meat Cutters
Air Condition Technicians
Fish Plant Workers
Construction Workers
& lots of other Positions
Invest $200,000 (CAD) & Immigrate with family under Business Immigration
Subhash Punia
Immigration Counsel
Fast Track Immigration Under INVESTORS CLASS IMMIGRATION
Atlantic Immigration
By Appointment
MON-FRI
9:30AM - 5:30PM
2980 Drew rd. #230, Mississauga, ON L4T 0A7 | 905.362.0202 | 905.362.2158


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive Etobicoke ON M9V-3Z7 416-740-3262
2120 North park Drive Brampton ON L6S 0C9 905-793-1338
10510 Torbram Road, Brampton 905-790-0030
308 Eddystone Ave North York ON M3N-1H7 416-740-3360
621 Wanless drive, # 122 Brampton ON L7A 0A9 905-495-3336
284 Orenda Road #13 Brampton ON L6T 5S3 905-450-9167
10 Pannahill Dr, Brampton 905 913-8017
80 Pertosa Drive Brampton ON L5X-5E9 905-460-0009
1075 Ceremonial Drive Mississauga ON L5R 2Z4 905-502-1600
21 Lacoste Blvd, Brampton, ON L6P 2K2 905 794-8109

# Dr. Randhawa Dentistry



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1






# BOXING WEEK SALE

BY TOM MIHALIK

UNDISPUTED WORLD CHAMPION OF SUITS

TKO DEALS

**1ST FLOOR KNOCKOUT DEALS**

Designer Slim Fit Canadian & Other Suits+ 3 for ~~$1200~~ ~~$900*~~ $850*
Reg. up to $795 ea.
*Includes many new arrivals.*

Selected Sports Jackets+ 3 for 1

Selected Dress Pants 3 for 1

Selected Winter Coats+ 50% OFF

**2ND FLOOR KNOCKOUT DEALS**

Sports Jackets+ $100 OFF

Designer Men's Suits+
1st Suit $225* ~~$200~~ OFF
2nd Suit $250* ~~$225~~ OFF
3rd Suit $275* ~~$250~~ OFF

Suits+ *Made in Italy by Corneliani*
Reg. $2,000 from ~~$999*~~ $899* ~~$1450~~

Dress Shirts°, Pants and Sweaters BUY ONE GET ONE 50% OFF

* With Ad | + Oversized suits, size 48 and over, are extra. | ° White shirts not included.

Established 1958 Tom's Place We'll suit you.

416-596-0297
toms-place.com
TomsPlaceTO

Tom's Place in Kensington Market
190 Baldwin Street (just west of Spadina)
M-W 10-6 | Th-F 10-6:30 | Sat 10-6 | Sun 12-5
Closed Christmas & New Years Day
5pm early close on Christmas Eve & New Year's Eve



# ਸ਼ਹੀਦੀ ਸਮਾਗਮ

ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਮਾਤਾ ਜੀ ਦੀ ਯਾਦ ਵਿਚ

BHAI ANANTVIR SINGH JI (LA)
DEC 19-25 | 6.30–8.30 pm

ਦਸੰਬਰ 19 ਨੂੰ ਸਹਿਜ ਪਾਠ ਪ੍ਰਕਾਸ਼ ਅਰੰਭ ਹੋਵੇ ਗਾ
ਅਤੇ ਦਸੰਬਰ 25 ਨੂੰ ਭੋਗ ਪੈਣਗੇ । ਰੋਜ਼ ਸ਼ਾਮ 6.30-8.30 ਨੂੰ ਭਾਈ
ਅਨੰਤਵੀਰ ਸਿੰਘ ਜੀ ਕਰਿਤਨ-ਕਥਾ ਨਾਲ ਦਰਬਾਰ ਸਜਾਉਣਗੇ ।



**SIKH SPIRITUAL CENTRE TORONTO**
9 Carrier Dr, Etobicoke, ON M9V 4B2
Phone: (416) 746-6666

